ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

Vol 18 * Issue 22

Daily Newspaper Friday, February 01, 2019

Tel: 905-793-2202 Fax: 905-793-2282 news@punjabipost.ca

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਕ੍ਰਾਊਨ ਵੱਲੋਂ ਬਰੌਂਕੌਸ ਹਾਦਸੇ ਦੇ ਜ਼ਿੰਮੇਵਾਰ ਟਰੱਕ ਡਰਾਈਵਰ ਨੂੰ 10 ਸਾਲ ਦੀ ਸਜ਼ਾ ਦੇਣ ਦੀ ਅਪੀਲ



ਮੈਲਫੋਰਟ, ਸਸਕੈਚਵਨ, 31 ਜਨਵਰੀ (ਪੋਸਟ ਬਿਊਰੋ) : ਘਾਤਕ ਹੰਬੋਲਡਟ ਬਰੌਂਕੌਸ ਬੱਸ ਹਾਦਸੇ ਨੂੰ ਅੰਜਾਮ ਦੇਣ ਵਾਲੇ ਟਰੱਕ ਡਰਾਈਵਰ ਨੇ ਆਖਿਆ ਕਿ ਉਹ ਹਾਦਸੇ ਦੀ ਪੂਰੀ ਜ਼ਿੰਮੇਵਾਰੀ ਲੈਂਦਾ ਹੈ। ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ 16 ਵਿਅਕਤੀ ਮਾਰੇ ਗਏ ਸਨ ਜਦਕਿ 13 ਹੋਰ ਜ਼ਖ਼ਮੀ ਹੋ ਗਏ ਸਨ।

ਵੀਰਵਾਰ ਨੂੰ ਮੈਲਫੋਰਟ, ਸਸਕੈਚਵਨ ਦੀ ਅਦਾਲਤ ਵਿੱਚ ਖੜ੍ਹੇ ਹੋ ਕੇ ਜਸਕੀਰਤ ਸਿੰਘ ਸਿੱਧੂ ਨੇ ਆਖਿਆ ਕਿ ਇਹ ਹਾਦਸਾ ਉਸ ਦੇ ਤਜਰਬੇ ਦੀ ਘਾਟ ਕਾਰਨ ਵਾਪਰਿਆ ਤੇ ਉਸ ਨੂੰ ਇਸ ਦਾ ਬਹੁਤ ਅਫਸੋਸ ਹੈ। ਸਿੱਧੂ ਨੇ ਅਦਾਲਤ ਵਿੱਚ ਮੌਜੂਦ ਪਰਿਵਾਰਾਂ ਨੂੰ ਆਖਿਆ ਕਿ ਉਹ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਲਾ ਸਕਦਾ ਕਿ ਉਹ ਕਿਹੋ ਜਿਹੇ ਹਾਲਾਤ ਵਿੱਚੋਂ ਲੰਘ ਰਹੇ ਹਨ। ਉਸ ਨੇ ਆਖਿਆ ਕਿ ਉਸ ਨੂੰ ਇਹ ਅਹਿਸਾਸ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਸੱਭ ਤੋਂ ਕੀਮਤੀ ਚੀਜ਼ ਉਸ ਨੇ ਖੋਹ ਲਈ ਹੈ।

ਇਸ ਮੌਕੇ ਜੱਜ ਨੇ ਆਖਿਆ ਕਿ ਉਹ 22 ਮਾਰਚ ਨੂੰ ਇਸ ਮਾਮਲੇ ਵਿੱਚ ਸਜ਼ਾ ਸੁਣਾਵੇਗੀ। ਸਿੱਧੂ ਦੇ ਬਚਾਅ ਪੱਖ ਦੇ ਵਕੀਲਾਂ ਨੇ ਇਸ ਬਾਰੇ ਕੋਈ ਸਿਫਾਰਿਸ਼ ਨਹੀਂ ਕੀਤੀ ਕਿ ਉਨ੍ਹਾਂ ਦੇ ਮੁਵੱਕਿਲ ਨੂੰ ਕਿੰਨੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਪਰ ਕ੍ਰਾਊਨ ਨੇ 10 ਸਾਲ ਦੀ ਸਜ਼ਾ ਦੀ ਤਜਵੀਜ਼ ਪੇਸ਼ ਕੀਤੀ।

ਮਾਰਕ ਬ੍ਰੇਅਫੋਰਡ ਨੇ ਅਦਾਲਤ ਨੂੰ ਦੱਸਿਆ ਕਿ ਉਸ ਦਾ ਮੁਵੱਕਿਲ ਗੈਰਤਜ਼ਰਬੇਕਾਰ ਸੀ, ਉਹ ਇਲਾਕੇ ਨੂੰ ਵੀ ਨਹੀਂ ਸੀ ਜਾਣਦਾ, ਉਸ ਦਾ ਧਿਆਨ ਟਰੇਲਰ ਉੱਤੇ ਬੰਨ੍ਹੀ ਤਿਰਪਾਲ ਉੱਤੇ ਹੋ ਗਿਆ ਸੀ ਜਿਹੜੀ ਢਿੱਲੀ ਪੈ ਗਈ ਸੀ।

ਬ੍ਰੇਅਫੋਰਡ ਨੇ ਆਖਿਆ ਕਿ ਉਸ ਨੂੰ ਇਸ ਗੱਲ ਦੀ ਨਿਰਾਸ਼ਾ ਹੈ ਕਿ ਉਹ ਲੋਕਾਂ ਨੂੰ ਕੀ ਦੱਸੇ ਕਿਉਂਕਿ ਉਸ ਦੇ ਮੁਵੱਕਿਲ ਨੂੰ ਹੀ ਇਹ ਨਹੀਂ ਸੀ ਪਤਾ ਕਿ ਕੀ ਹੋਇਆ? ਉਹ ਰੋਜ਼ ਆਪਣੇ ਆਪ ਨੂੰ ਕੋਸਦਾ ਹੈ ਕਿ ਆਖਿਰਕਾਰ ਕੀ ਹੋਇਆ। ਉਹ ਸਾਰੇ ਸਾਈਨ ਕਿਉਂ ਨਹੀਂ ਵੇਖ ਸਕਿਆ? ਉਹ ਕਿਉਂ ਨਹੀਂ ਰੁਕਿਆ? ਬ੍ਰੇਅਫੋਰਡ ਨੇ ਦੱਸਿਆ ਕਿ ਜਦੋਂ ਹਾਦਸਾ ਹੋਇਆ ਤਾਂ ਸਿੱਧੂ ਨੂੰ ਸਮਝ ਨਹੀਂ ਆਈ ਕਿ ਕੀ ਹੋ ਰਿਹਾ ਹੈ। ਉਹ ਆਪਣੇ ਉਲਟੇ ਹੋਏ ਸੈਮੀ ਟਰੱਕ ਵਿੱਚੋਂ ਰੇਂਗ ਕੇ ਬਾਹਰ ਨਿਕ-ਲਆ ਤਾਂ ਉਸ ਨੇ ਵੇਖਿਆ ਕਿ ਬੱਚੇ ਰੋ ਰਹੇ ਹਨ। ਉਸ ਨੂੰ ਸਮਝ ਹੀ ਨਹੀਂ ਆਈ ਕਿ ਸੱਭ ਕਿਵੇਂ ਹੋ ਗਿਆ?

# ਪੀਲ ਪੁਲਿਸ ਦੇ ਮੈਂਬਰ ਵਜੋਂ ਅੱਜ ਸਹੁੰ ਚੁੱਕਣਗੇ ਰੌਨ ਚੱਠਾ



ਬਰੈਂਪਟਨ, 31 ਜਨਵਰੀ (ਪੋਸਟ ਬਿਊਰੋ) : ਰੌਨ ਚੱਠਾ ਪੀਲ ਪੁਲਿਸ ਸਰਵਿਸਿਜ਼ ਬੋਰਡ ਦੇ ਨਵੇਂ ਮੈਂਬਰ ਬਣ ਗਏ ਹਨ। ਪੀਲ ਪੁਲਿਸ ਦੇ ਮੈਂਬਰ ਵਜੋਂ ਉਹ ਅੱਜ ਸੰਹੁ ਚੁੱਕਣਗੇ। ਲੰਮੇਂ ਸਮੇਂ ਤੋਂ ਬਰੈਂਪਟਨ ਵਾਸੀ ਰੌਨ ਚੱਠਾ ਨੂੰ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਨਿਯੁਕਤ ਕੀਤਾ ਗਿਆ।

ਰੌਨ 2008 ਤੋਂ ਰੀਐਲਟਰ ਵਜੋਂ ਕੰਮ ਕਰ ਰਹੇ ਹਨ ਤੇ ਇਸ ਸਮੇਂ ਪੀਲ ਰੀਜਨ ਦੀ ਉੱਘੀ ਰੀਅਲ ਅਸਟੇਟ ਫਰਮ ਨਾਲ ਜੁੜੇ ਹੋਏ ਹਨ। ਰੀਅਲ ਅਸਟੇਟ ਦੀ ਦੁਨੀਆ ਤੋਂ ਬਾਹਰ ਕਮਿਊਨਿਟੀ ਦੀ ਸੇਵਾ ਕਰਨ ਦਾ ਰੌਨ ਦਾ ਲੰਮਾਂ ਇਤਿਹਾਸ ਰਿਹਾ ਹੈ। ਕਮਿਊਨਿਟੀ ਦੀ ਸੇਵਾ ਦੇ ਜਜ਼ਬੇ ਨਾਲ ਭਰੇ ਰੌਨ ਬਹੁਤ ਹੀ ਸਰਗਰਮ ਵਾਲੰਟੀਅਰ ਹਨ ਤੇ ਉਹ ਕਈ ਗੈਰ ਮੁਨਾਫੇ ਵਾਲੇ ਬੋਰਡਜ਼ ਲਈ ਸੇਵਾ ਨਿਭਾਅ ਰਹੇ ਹਨ। ਉਹ ਪੀਲ ਚਿਲਡਰਨਜ਼ ਏਡ ਫਾਊਂਡੇਸ਼ਨ ਦੇ ਬੋਰਡ ਮੈਂਬਰ ਵਜੋਂ ਸੇਵਾ ਨਿਭਾਉਣ ਦੇ ਨਾਲ ਨਾਲ ਬਰੈਂਪਟਨਜ਼ ਸਕੂਲ ਟਰੈਫਿਕ ਸੇਫਟੀ ਕਾਊਂਸਲ ਲਈ ਵੀ ਸੇਵਾ ਨਿਭਾਅ ਚੁੱਕੇ ਹਨ।

ਇਸ ਸਮੇਂ ਉਹ ਬਰੈਂਪਟਨ ਸਿਟੀ ਲਈ ਕਮੇਟੀ ਆਫ ਐਡਜਸਟਮੈਂਟ ਐਂਡ ਮਾਈਨਰ ਵੇਰੀਐਂਸ ਦੇ ਵਾਈਸ ਚੇਅਰ ਵੀ ਹਨ। ਰੌਨ ਖੇਡਾਂ ਦੇ ਵੀ ਦੀਵਾਨੇ ਹਨ। ਉਨ੍ਹਾਂ ਨੂੰ ਕ੍ਰਿਕਟ ਖੇਡਣ ਤੇ ਵੇਖਣ ਤੋਂ ਇਲਾਵਾ ਬਾਸਕਿਟਬਾਲ ਤੇ ਹਾਕੀ ਦਾ ਵੀ ਸ਼ੌਕ ਹੈ। ਉਹ ਆਪਣੀ ਪਤਨੀ ਤੇ ਦੋ ਬੱਚਿਆਂ ਨਾਲ ਪਿਛਲੇ ਇੱਕ ਦਹਾਕੇ ਤੋਂ ਬਰੈਂਪਟਨ ਰਹਿ ਰਹੇ ਹਨ। ...ਬਾਕੀ ਪੰਨਾ 6 ’ਤੇ

# ਕੈਨੇਡੀਅਨਾਂ ਨੂੰ ਗੁੰਮਰਾਹ ਕਰਨ ਦੀ ਟਰੂਡੋ ਸਰਕਾਰ ਦੀ ਕੋਸ਼ਿਸ਼ ਦਾ ਪਰਦਾਫਾਸ਼ ਕਰਦੇ ਰਹਾਂਗੇ : ਰੈਂਪਲ



ਓਟਵਾ, 31 ਜਨਵਰੀ (ਪੋਸਟ ਬਿਊਰੋ) : ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਬਾਰੇ ਸ਼ੈਡੋ ਮੰਤਰੀ ਮਿਸ਼ੇਲ ਰੈਂਪਲ ਨੇ ਪੇਰੈਂਟ ਤੇ ਗ੍ਰੈਂਡਪੇਰੈਂਟ ਸਪਾਂਸਰਸ਼ਿਪ ਪ੍ਰੋਗਰਾਮ ਸਬੰਧੀ ਬਿਆਨ ਜਾਰੀ ਕਰਕੇ ਪ੍ਰਧਾਨ ਮੰਤਰੀ ਟਰੂਡੋ ਦੀ ਨੁਕਤਾਚੀਨੀ ਕੀਤੀ। ਬਿਆਨ ਜਾਰੀ ਕਰਦਿਆਂ ਰੈਂਪਲ ਨੇ ਆਖਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪੇਰੈਂਟ ਤੇ ਗ੍ਰੈਂਡਪੇਰੈਂਟ ਸਪਾਂਸਰਸ਼ਿਪ ਪ੍ਰੋਗਰਾਮ ਬਾਰੇ ਕੈਨੇਡੀਅਨਾਂ ਤੇ ਨਿਊਕਮਰਜ਼ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਟਰੂਡੋ ਨੇ ਇਸ ਪ੍ਰੋਗਰਾਮ ਨਾਲ ਸਬੰਧਤ ਅਰਜ਼ੀਆਂ ਦੀ ਗਿਣਤੀ ਵਿੱਚ ਵਾਧਾ ਕਰ ਦਿੱਤਾ ਹੈ ਜਦਕਿ ਹਰ ਸਾਲ ਪਰਮਾਨੈਂਟ ਰੈਜ਼ੀਡੈਂਸ ਹਾਸਲ ਕਰਨ ਵਾਲੇ ਪੇਰੈਂਟਸ ਤੇ ਗ੍ਰੈਂਡਪੇਰੈਂਟਸ ਦੀ ਗਿਣਤੀ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ...ਬਾਕੀ ਪੰਨਾ 6 ’ਤੇ

# ਬੀਸੀ ਜ਼ਿਮਨੀ ਚੋਣ ਐੱਨਡੀਪੀ ਨੇ ਜਿੱਤੀ



ਨਨੈਮੋ, ਬੀਸੀ, 31 ਜਨਵਰੀ (ਪੋਸਟ ਬਿਊਰੋ) : ਐਨਡੀਪੀ ਨੇ ਬੁੱਧਵਾਰ ਨੂੰ ਬ੍ਰਿਟਿਸ਼ ਕੋਲੰਬੀਆ ਦੀ ਜ਼ਿਮਨੀ ਚੋਣ ਜਿੱਤ ਲਈ ਹੈ। ਹੁਣ ਪ੍ਰੀਮੀਅਰ ਜੌਹਨ ਹੌਰਗਨ ਦੀ ਘੱਟਗਿਣਤੀ ਸਰਕਾਰ ਦੀ ਸੱਤਾ ਉੱਤੇ ਪਕੜ ਹੋਰ ਮਜ਼ਬੂਤ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰ ਲਿਬਰਲਾਂ ਵੱਲੋਂ ਉਨ੍ਹਾਂ ਨੂੰ ਕਾਂਟੇ ਦੀ ਟੱਕਰ ਦਿੱਤੀ ਗਈ।

ਇਸ ਜਿੱਤ ਨਾਲ ਹੁਣ ਵਿਧਾਨਸਭਾ ਵਿੱਚ ਐਨਡੀਪੀ ਕੋਲ 41 ਸੀਟਾਂ ਹੋ ਗਈਆਂ ਹਨ ਤੇ ਹਾਊਸ ਵਿੱਚ ਗ੍ਰੀਨ ਪਾਰਟੀ ਦੇ ਤਿੰਨ ਮੈਂਬਰਾਂ ਦੇ ਸਮਰਥਨ ਨਾਲ ਨੈਸ਼ਨਲ ਡੈਮੋਕ੍ਰੈਟਿਕ ਪਾਰਟੀ ਦੇ ਸੱਤਾ ਉੱਤੇ ਕਾਬਜ ਰਹਿਣ ਦੀ ਸੰਭਾਵਨਾ ਹੈ। ...ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੰਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

INSURANCE
Life / Disability / Critical Illness
Super Visa / Visitor / Travel /
RRSP / RESP /
Punjab Insurance Inc
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਊ ਟਰੱਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location**: Comfort Inn, 1500 Matheson Blvd, Mississauga
**Date**: Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair? Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare ANY Airline Time Destination Around the World

transat, sunwing, AIR CANADA VACATIONS, WESTJET vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



## ਮੂੰਹੋ ਬੋਲਦੀ Kitchen and Washroom ਬਣਵਾਓ

**Pearson Kitchen & Cabinet**

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



chatr MOBILE

NEW

NATION-WIDE TALK, TEXT & DATA PLANS FROM $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING. CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਸੀਟ ਜੀਂਦ ਦੀ ਜਿੱਤ ਲਈ ਭਾਜਪਾਈਆਂ,
ਗਿਆ ਹੈ ਟੱਬਰ ਚੌਟਾਲੇ ਦਾ ਹਾਰ ਮੀਆਂ।
ਤੀਸਰੀ ਜਗ੍ਹਾ 'ਤੇ ਆਏ ਹਨ ਕਾਂਗਰਸੀਏ,
ਪੈ ਗਈ ਜਾਪਦੀ ਵਾਹਵਾ ਹੈ ਮਾਰ ਮੀਆਂ।
ਰਾਜਸਥਾਨ ਵਿੱਚ ਹੋਈ ਕੁਝ ਖੇਡ ਉਲਟੀ,
ਕਾਂਗਰਸ ਗਈ ਹੈ ਰਾਮਗੜ੍ਹ ਜਿੱਤ ਮੀਆਂ।
ਟਿਕਿਆ ਪੈਰ ਨਹੀਂ ਓਥੇ ਸੀ ਭਾਜਪਾ ਦਾ,
ਹੋਏ ਵਰਕਰ ਨਹੀਂ ਆਪਣੇ ਮਿੱਤ ਮੀਆਂ।
ਵੱਡੀਆਂ ਧਿਰਾਂ ਲਈ ਮੈਚ ਬਰਾਬਰੀ ਦਾ,
ਲੰਘ ਗਈ ਚੋਣ ਵਰੋਲੇ ਦੇ ਵਾਂਗ ਮੀਆਂ।
ਕਾਂਗਰਸ ਭਾਜਪਾ ਦੋਵਾਂ ਨੂੰ ਫਿਕਰ ਵੱਡਾ,
ਅੱਗੇ ਚੜ੍ਹੀ ਆਉਂਦੀ ਵੱਡੀ ਕਾਂਗ ਮੀਆਂ।

ਤੀਸ ਮਾਰ ਖਾਂ

# ਮੋਦੀ ਸਰਕਾਰ ਦੇ ਨਾਗਰਿਕਤਾ ਬਿੱਲ ਖਿਲਾਫ ਮਨੀਪੁਰ ਬੰਦ ਰਿਹਾ

ਇੰਫਾਲ, 31 ਜਨਵਰੀ, (ਪੋਸਟ ਬਿਊਰੋ)- ਉੱਤਰ ਪੂਰਬੀ ਭਾਰਤ ਵਿੱਚ ਭਾਜਪਾ ਸਰਕਾਰ ਵਾਲੇ ਮਨੀਪੁਰ ਵਿੱਚ ਅੱਜ ਵੀਰਵਾਰ ਨੂੰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਨਾਗਰਿਕਤਾ ਬਿੱਲ ਦੇ ਵਿਰੁੱਧ ਬੰਦ ਦੇ ਸੱਦੇ ਨੂੰ ਲੋਕਾਂ ਦੇ ਜਬਰਦਸਤ ਹੁੰਗਾਰੇ ਨਾਲ ਜਨਜੀਵਨ ਠੱਪ ਹੋ ਗਿਆ। ਇਸ ਸੰਬੰਧ ਵਿੱਚ 66 ਸੰਗਠਨਾਂ ਦੇ ਮਹਾਗੱਠਜੋੜ ਨੇ 24 ਘੰਟੇ ਲਈ ਬੰਦ ਦਾ ਸੱਦਾ ਦਿੱਤਾ ਸੀ, ਜੋ ਬੁੱਧਵਾਰ ਅੱਧੀ ਰਾਤ ਤੋਂ ਸ਼ੁਰੂ ਹੋਇਆ ਸੀ।

ਮਿਲੀਆਂ ਖਬਰਾਂ ਮੁਤਾਬਕ ਅੱਜ ਬੰਦ ਦੇ ਕਾਰਨ ਸੜਕਾਂ 'ਤੇ ਸੁੰਨਸਾਨ ਰਹੀ। ਅਸਾਮ ਤੇ ਨਾਗਾਲੈਂਡ ਨੂੰ ਜੋੜਨ ਵਾਲੇ ਦੋ ਨੈਸ਼ਨਲ ਹਾਈਵੇਜ਼ ਅਤੇ ਮੁੱਖ ਸੜਕਾਂ 'ਤੇ ਵਾਹਨ ਨਜ਼ਰ ਨਹੀਂ ਆਏ। ਰਾਜਧਾਨੀ ਇੰਫਾਲ ਅਤੇ ਥਾਊਬਲ, ਲਿਲਾਂਗ, ਚੂਰਚੰਦਪੁਰ ਅਤੇ ਕਾਂਗਪੋਕਪੀ ਵਰਗੇ ਸ਼ਹਿਰਾਂ ਵਿਚ ਥਾਂ-ਥਾਂ ਵਿਰੋਧ ਹੋਏ ਪ੍ਰਦਰਸ਼ਨਾਂ

*** ਮਨੀਪੁਰ ਦੀ ਭਾਜਪਾ ਸਰਕਾਰ ਵੀ ਬੰਦ ਨਹੀਂ ਰੋਕ ਸਕੀ**

ਵਿਚ ਔਰਤਾਂ ਵੀ ਵੱਡੀ ਗਿਣਤੀ 'ਚ ਸ਼ਾਮਲ ਹੋਈਆਂ। ਮਨੀਪੁਰ ਯੂਨੀਵਰਸਿਟੀ ਕੈਂਪਸ ਵਿਚ ਵਿਦਿਆਰਥੀਆਂ ਨੇ ਵੀ ਪ੍ਰਦਰਸ਼ਨ ਕੀਤਾ। ਸੜਕਾਂ 'ਤੇ ਆਏ ਹੋਏ ਇਹ ਸਾਰੇ ਸੰਗਠਨ ਭਾਰਤ ਸਰਕਾਰ ਦੇ ਨਾਗਰਿਕਤਾ (ਸੋਧ) ਬਿੱਲ 2016 ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਬਿੱਲ ਦੇ ਕਾਨੂੰਨ ਬਣਨ ਨਾਲ ਪੂਰੇ ਉੱਤਰ-ਪੂਰਬੀ ਭਾਰਤ ਵਿਚ ਆਬਾਦੀ ਦਾ ਅਨੁਪਾਤ ਵਿਗੜ ਜਾਵੇਗਾ ਅਤੇ ਨਾਜਾਇਜ਼ ਲੋਕਾਂ ਨੂੰ ਦੇਸ਼ 'ਚ ਰਹਿਣ ਦਾ ਅਧਿਕਾਰ ਮਿਲ ਜਾਵੇਗਾ।

ਵਰਨਣ ਯੋਗ ਹੈ ਕਿ ਇਸ ਬਿੱਲ ਵਿਚ ਬੰਗਲਾ ਦੇਸ਼, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਤੋਂ 31 ਮਾਰਚ 2014 ਤਕ ਭਾਰਤ ਵਿਚ ਆਉਣ ਵਾਲੇ ਗ਼ੈਰ-ਮੁਸਲਿਮ ਲੋਕਾਂ ਨੂੰ ਛੇ ਸਾਲਾਂ ਦੇ ਨਿਵਾਸ ਪਿੱਛੋਂ ਪੱਕੀ ਨਾਗਰਿਕਤਾ ਜਾਰੀ ਕਰਨ ਦੀ ਵਿਵਸਥਾ ਹੈ। ਮੁੱਖ ਮੰਤਰੀ ਐੱਨ ਵਿਰੇਨ ਸਿੰਘ ਤੇ 12 ਰਾਜਸੀ ਪਾਰਟੀਆਂ ਦੇ ਆਗੂ ਕੇਂਦਰ ਸਰਕਾਰ ਕੋਲ ਵਿਰੋਧ ਦਰਜ ਕਰਵਾਉਣ ਲਈ ਇੱਕ ਦਿਨ ਪਹਿਲਾਂ ਦਿੱਲੀ ਚਲੇ ਗਏ ਸਨ। ਇਸ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਰਾਜ ਦੇ ਲੋਕਾਂ ਦਾ ਸ਼ੱਕ ਦੂਰ ਕੀਤਾ ਜਾਣਾ ਚਾਹੀਦਾ ਹੈ। ਲੋਕ ਸਭਾ ਵਿਚ ਇਹ ਬਿੱਲ 8 ਜਨਵਰੀ ਨੂੰ ਪਾਸ ਹੋ ਚੁੱਕਾ ਹੈ ਤੇ ਇਹ ਰਾਜ ਸਭਾ ਵਿਚ ਪੇਸ਼ ਕੀਤਾ ਜਾਣ ਵਾਲਾ ਹੈ। ਉੱਤਰ-ਪੂਰਬ ਦੀਆਂ ਰਾਜਨੀਤਕ ਪਾਰਟੀਆਂ ਦਬਾਅ ਬਣਾ ਰਹੀਆਂ ਹਨ ਕਿ ਇਸ ਨੂੰ ਰਾਜ ਸਭਾ ਵਿਚ ਪੇਸ਼ ਨਾ ਕੀਤਾ ਜਾਵੇ ਅਤੇ ਜੇ ਪੇਸ਼ ਵੀ ਕੀਤਾ ਜਾਵੇ ਤਾਂ ਪਾਸ ਨਾ ਹੋ ਸਕੇ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਜਲੰਧਰ ਦੀ ਬਾਹਰੀ ਆਬਾਦੀ ਵਿੱਚ ਤੇਂਦੂਏ ਨੇ ਦਹਿਸ਼ਤ ਫੈਲਾਈ, 5 ਜਣੇ ਜ਼ਖਮੀ

ਜਲੰਧਰ, 31 ਜਨਵਰੀ, (ਪੋਸਟ ਬਿਊਰੋ)- ਇਸ ਮਹਾਨਗਰ ਦੀ ਬਾਹਰੀ ਆਬਾਦੀ ਲੰਮਾ ਪਿੰਡ ਵਿੱਚ ਅੱਜ ਓਦੋਂ ਦਹਿਸ਼ਤ ਫੈਲ ਗਈ, ਜਦੋਂ ਇਸ ਰਿਹਾਇਸ਼ੀ ਖੇਤਰ ਵਿੱਚ ਇਕ ਤੇਂਦੂਆ ਆ ਵੜਿਆ ਅਤੇ ਲੋਕਾਂ ਵਿੱਚ ਹਫੜਾ-ਦਫੜੀ ਮੱਚ ਗਈ। ਜਦੋਂ ਲੋਕਾਂ ਨੇ ਇਸ ਦੀ ਸੂਚਨਾ ਜੰਗਲਾਤ ਵਿਭਾਗ ਨੂੰ ਦਿੱਤੀ ਤਾਂ ਤੇਂਦੂਆ ਖੇਤਾਂ ਵਿੱਚ ਜਾ ਲੁਕਿਆ ਤੇ ਲੋਕਾਂ ਦੀ ਭੀੜ ਓਥੇ ਇਕੱਠੀ ਹੋ ਗਈ, ਪਰ ਰਾਤ ਪੈਣ ਤੱਕ ਉਸ ਨੂੰ ਕਾਬੂ ਕਰ ਲਿਆ ਗਿਆ।







ਮਿਲੀ ਜਾਣਕਾਰੀ ਅਨੁਸਾਰ ਜਦੋਂ ਕੁਝ ਲੋਕ ਖੇਤਾਂ 'ਚ ਕੰਮ ਕਰ ਰਹੇ ਸਨ ਤਾਂ ਅਚਾਨਕ ਉਸ ਨੇ ਖੇਤ ਵਿੱਚ ਤੇਂਦੂਏ ਨੂੰ ਦੇਖ ਕੇ ਇਸ ਦੀ ਸੂਚਨਾ ਮੁਹੱਲਾ ਵਾਸੀਆਂ ਨੂੰ ਦਿੱਤੀ। ਫਿਰ ਪ੍ਰਸ਼ਾਸਨ ਵੱਲੋਂ ਸੱਦਣ ਉੱਤੇ ਓਥੇ ਪੁੱਜੀ ਜੰਗਲਾਤ ਟੀਮ ਦੇ ਅਧਿਕਾਰੀਆਂ ਨੇ ਤੇਂਦੂਏ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਜਾਲ 'ਚ ਨਾ ਫਸ ਸਕਿਆ। ਇਸ ਦੌਰਾਨ ਉਸ ਨੇ 5 ਨੌਜਵਾਨਾਂ ਨੂੰ ਜ਼ਖ਼ਮੀ ਕਰ ਦਿੱਤਾ। ਸ਼ਾਮ ਪੈਣ ਤੱਕ ਜੰਗਲਾਤ ਵਿਭਾਗ ਦੀਆਂ ਟੀਮਾਂ ਮੌਕੇ ਉੱਤੇ ਪਹੁੰਚ ਗਈਆਂ, ਪਰ ਕਈ ਕੋਸ਼ਿਸ਼ਾਂ ਦੇ ਬਾਵਜੂਦ ਤੇਂਦੂਆ ਜਾਲ 'ਚ ਨਹੀਂ ਸੀ ਫਸ ਰਿਹਾ। ਇਸ ਦੇ ਬਾਅਦ ਜਦੋਂ ਉਹ ਇੱਕ ਘਰ ਦੇ ਕਮਰੇ ਵਿਚ ਵੜ ਗਿਆ ਤਾਂ ਜੰਗਲਾਤ ਵਿਭਾਗ ਦੇ ਮੁਲਾਜ਼ਮਾਂ ਨੇ ਕਮਰਾ ਬੰਦ ਕਰਵਾ ਦਿੱਤਾ ਅਤੇ ਨਸ਼ੇ ਦਾ ਟੀਕਾ ਵੀ ਲਾ ਦਿੱਤਾ। ਰਾਤ ਪੈਣ ਤੱਕ ਵੀ ਇਸ ਦੀ ਫੜੋਫੜੀ ਦਾ ਦੌਰ ਜਾਰੀ ਰਹਿਣ ਕਰ ਕੇ ਲੋਕਾਂ ਵਿੱਚ ਦਹਿਸ਼ਤ ਫੈਲੀ ਹੋਈ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਅਮਰੀਕਾ ਵਿੱਚ ਮੰਦਰ ਦੀ ਭੰਨਤੋੜ, ਮੂਰਤੀ ਉੱਤੇ ਪੇਂਟ ਫੇਰਿਆ

ਵਾਸ਼ਿੰਗਟਨ, 31 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਕੈਂਟਕੀ ਰਾਜ ਵਿਚ ਕੁਝ ਸ਼ਰਾਰਤੀਆਂ ਨੇ ਇਕ ਹਿੰਦੂ ਮੰਦਰ ਵਿਚ ਭੰਨਤੋੜ ਕੀਤੀ ਤੇ ਭਗਵਾਨ ਦੀ ਮੂਰਤੀ ਉੱਤੇ ਕਾਲਾ ਪੇਂਟ ਸਪਰੇ ਕਰਨ ਪਿੱਛੋਂ ਮੁੱਖ ਹਾਲ ਵਿਚ ਰੱਖੀ ਕੁਰਸੀ ਚਾਕੂ ਨਾਲ ਤੋੜ ਦਿੱਤੀ ਹੈ। ਪੁਲਿਸ ਇਸ ਦੀ ਹੇਟ ਕਰਾਈਮ ਦੇ ਪੱਖ ਤੋਂ ਜਾਂਚ ਕਰ ਰਹੀ ਹੈ।

ਲੋਕਲ ਮੀਡੀਆ ਅਨੁਸਾਰ ਕੈਂਟਕੀ ਰਾਜ ਦੇ ਲੂਈਸਵਿਲੇ ਸ਼ਹਿਰ ਦੇ ਸਵਾਮੀ ਨਾਰਾਇਣ ਮੰਦਰ ਵਿਚ ਇਹ ਘਟਨਾ ਐਤਵਾਰ ਰਾਤ ਤੋਂ ਮੰਗਲਵਾਰ ਸਵੇਰ ਦੇ ਵਿਚਾਲੇ ਹੋਈ। ਮੰਗਲਵਾਰ ਸਵੇਰੇ ਜਦੋਂ ਮੰਦਰ ਖੋਲ੍ਹਿਆ ਤਾਂ ਖਿੜਕੀਆਂ ਟੁੱਟੀਆਂ ਹੋਈਆਂ ਅਤੇ ਦੀਵਾਰਾਂ ਉੱਤੇ ਪੇਂਟ ਨਾਲ ਨਫ਼ਰਤ ਦੇ ਸ਼ਬਦ ਲਿਖੇ ਹੋਏ ਸਨ। ਮੰਦਰ ਦੇ ਦਾਨ ਪਾਤਰ ਵੀ ਖਾਲੀ ਸਨ। ਇਸ ਘਟਨਾ ਨਾਲ ਭਾਰਤੀ-ਅਮਰੀਕੀ ਭਾਈਚਾਰੇ ਵਿਚ ਰੋਸ ਹੈ।

ਲੂਈਸਵਿਲੇ ਦੇ ਮੇਅਰ ਗ੍ਰੇਗ ਫਿਸ਼ਰ ਨੇ ਸ਼ਹਿਰ ਵਾਸੀਆਂ ਨੂੰ ਹੇਟ ਕਰਾਈਮ ਖ਼ਿਲਾਫ਼ ਖੜ੍ਹੇ ਹੋਣ ਦੀ ਅਪੀਲ ਕੀਤੀ ਹੈ। ਸਵਾਮੀ ਨਾਰਾਇਣ ਮੰਦਰ ਨਾਲ ਜੁੜੇ ਰਾਜ ਪਟੇਲ ਨੇ ਕਿਹਾ ਕਿ ਕਿਸੇ ਦਾ ਧਰਮ ਕੋਈ ਹੋਵੇ, ਪਰ ਏਦਾਂ ਨਹੀਂ ਹੋਣਾ ਚਾਹੀਦਾ ਸੀ। ਅਸੀਂ ਇਥੇ ਪੂਜਾ ਕਰਨ ਆਉਂਦੇ ਹਾਂ। ਲੂਈਸਵਿਲੇ ਦੇ ਪੁਲਿਸ ਮੁਖੀ ਸਟੀਵ ਕਾਨਰੇਡ ਨੇ ਕਿਹਾ ਕਿ ਮੰਦਰ ਨੂੰ ਹੋਰ ਵੱਧ ਸੁਰੱਖਿਆ ਦਿੱਤੀ ਜਾਵੇਗੀ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

ਅਕਾਲੀ-ਭਾਜਪਾ ਮੱਤਭੇਦ ਹੋਰ ਵਧੇ:

# ਐੱਨ ਡੀ ਏ ਗੱਠਜੋੜ ਮੀਟਿੰਗ ਦਾ ਅਕਾਲੀ ਦਲ ਵੱਲੋਂ ਪਹਿਲੀ ਵਾਰ ਬਾਈਕਾਟ

* ਮੀਟਿੰਗ ਤੋਂ ਪਹਿਲਾਂ ਭਾਜਪਾ ਆਗੂਆਂ ਨੂੰ ਲੰਚ ਬਾਦਲਾਂ ਨੇ ਕਰਵਾਇਆ

ਨਵੀਂ ਦਿੱਲੀ, 31 ਜਨਵਰੀ, (ਪੋਸਟ ਬਿਊਰੋ)- ਅਕਾਲੀ-ਭਾਜਪਾ ਗੱਠਜੋੜ ਤੋੜਨ ਬਾਰੇ ਦਿੱਲੀ ਦੇ ਬਾਦਲ ਅਕਾਲੀ ਦਲ ਦੇ ਆਗੂ ਮਨਜਿੰਦਰ ਸਿੰਘ ਸਿਰਸਾ ਦੇ ਬੁੱਧਵਾਰ ਦਿੱਤੇ ਬਿਆਨ ਪਿੱਛੋਂ ਸਿਰਫ ਇੱਕ ਦਿਨ ਵਿੱਚ ਅਕਾਲੀ ਦਲ ਤੇ ਭਾਜਪਾ ਦਾ ਪਾੜਾ ਏਨਾ ਵਧ ਗਿਆ ਹੈ ਕਿ ਅੱਜ ਹੋਈ ਭਾਜਪਾ ਦੇ ਐਨ ਡੀ ਏ ਗੱਠਜੋੜ ਦੀ ਮੀਟਿੰਗ ਵਿੱਚ ਅਕਾਲੀ ਦਲ ਦੇ ਆਗੂ ਨਹੀਂ ਗਏ। ਏਹੋ ਜਿਹੀ ਕਿਸੇ ਮੀਟਿੰਗ ਦਾ ਅਕਾਲੀ ਦਲ ਨੇ ਪਹਿਲੀ ਵਾਰ ਬਾਈਕਾਟ ਕੀਤਾ ਹੈ।

ਹੈਰਾਨੀ ਦੀ ਗੱਲ ਹੈ ਕਿ ਅੱਜ ਗੱਠਜੋੜ ਦੀ ਮੀਟਿੰਗ ਤੋਂ ਪਹਿਲਾਂ ਭਾਜਪਾ ਦੇ ਵੱਡੇ ਆਗੂਆਂ ਨੂੰ ਦੋਪਹਿਰ ਦਾ ਖਾਣਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਘਰ ਹੀ ਦਿੱਤਾ ਗਿਆ, ਜਿਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਲੋਕ ਸਭਾ ਦੀ ਸਪੀਕਰ ਸੁਮਿੱਤਰ ਮਹਾਜਨ ਸਮੇਤ ਕਈ ਸੀਨੀਅਰ ਭਾਜਪਾ ਆਗੂ ਗਏ ਸਨ। ਇਸ ਪਿੱਛੋਂ ਓਸੇ ਸ਼ਾਮ ਨੂੰ ਐੱਨ ਡੀ ਏ ਗੱਠਜੋੜ ਦੀ ਬੈਠਕ ਦਾ ਅਕਾਲੀ ਦਲ ਨੇ ਬਾਈਕਾਟ ਕਰ ਦਿੱਤਾ। ਵਰਨਣ ਯੋਗ ਹੈ ਕਿ ਜਦੋਂ ਭਾਜਪਾ ਆਗੂ ਲੰਚ ਲਈ ਬਾਦਲਾਂ ਦੇ ਘਰ ਪਹੁੰਚੇ ਸਨ ਤਾਂ ਖੁਦ ਸੁਖਬੀਰ ਸਿੰਘ ਬਾਦਲ ਨੇ ਗਰਮਜੋਸ਼ੀ ਨਾਲ ਸਭਨਾਂ ਦਾ ਸਵਾਗਤ ਕੀਤਾ ਸੀ। ਪਤਾ ਲੱਗਾ ਹੈ ਕਿ ਬਾਦਲ ਪਰਵਾਰ ਦੇ ਘਰ ਇਸ ਲੰਚ ਤੋਂ ਪਹਿਲਾਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਢੋਲ ਵੀ ਵਜਾਇਆ ਸੀ। ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਐੱਨ ਡੀ ਏ ਗੱਠਜੋੜ ਦੀ ਮੀਟਿੰਗ ਵਿੱਚ ਉਹ ਗੁਰ-ਦੁਆਰਿਆਂ ਵਿਚ ਕੇਂਦਰ ਸਰਕਾਰ ਦੇ ਦਖਲ ਦੇ ਰੋਸ ਵਜੋਂ ਨਹੀਂ ਗਏ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਦਿੱਲੀ ਦੇ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਭਾਜਪਾ ਉਤੇ ਗੁਰੂ ਘਰਾਂ ਦੇ ਪ੍ਰਬੰਧ ਵਿਚ ਦਖਲ ਦਾ ਦੋਸ਼ ਲਾ ਕੇ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਸਿਆਸੀ ਸਾਂਝ ਤੋੜਨ ਦਾ ਬਿਆਨ ਦਿੱਤਾ ਤਾਂ ਇਸ ਨਾਲ ਚਰਚਾ ਛਿੜ ਗਈ ਸੀ। ਸਿਰਸਾ ਦੇ ਬਿਆਨ ਨਾਲ ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਬਾਰੇ ਕਈ ਸਵਾਲ ਖੜੇ ਹੋਏ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਰਸਾ ਦਾ ਪੱਖ ਲੈਂਦੇ ਹੋਏ ਕਿਹਾ ਸੀ ਕਿ ਗੁਰੂਦੁਆਰਿਆਂ ਦੇ ਪ੍ਰਬੰਧ ਵਿਚ ਕਿਸੇ ਵੀ ਦਖਲ ਨੂੰ ਸਿੱਖ ਭਾਈਚਾਰਾ ਬਰਦਾਸ਼ਤ ਨਹੀਂ ਕਰ ਸਕਦਾ। ਇਸ ਤੋਂ ਉਲਟ ਆਰ ਐੱਸ ਐੱਸ ਦੀ ਅਗਵਾਈ ਹੇਠ ਚੱਲਦੀ ਰਾਸ਼ਟਰੀ ਸਿੱਖ ਸੰਗਤ ਨੇ ਅਕਾਲੀ ਦਲ ਦੇ ਖਿਲਾਫ ਜ਼ੋਰਦਾਰ ਸਿਆਸੀ ਹਮਲਾ ਕੀਤਾ ਸੀ।

ਇਸ ਹਾਲਤ ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਤੇ ਭਾਜਪਾ ਦੇ ਆਗੂਆਂ ਦਾ ਪਾੜਾ ਵਧਣ ਨਾਲ ਅੱਜ ਬਜਟ ਸੈਸ਼ਨ ਤੋਂ ਪਹਿਲਾਂ ਦਿੱਲੀ ਵਿੱਚ ਹੋਈ ਐੱਨ ਡੀ ਏ ਗੱਠਜੋੜ ਦੀ ਮੀਟਿੰਗ ਤੋਂ ਅਕਾਲੀ ਆਗੂਆਂ ਨੇ ਅਚਾਨਕ ਬਾਹਰ ਰਹਿਣਾ ਠੀਕ ਸਮਝਿਆ, ਜਿਸ ਤੋਂ ਸਾਫ ਹੋ ਗਿਆ ਕਿ ਦੋ ਦਹਾਕਿਆਂ ਦੀ ਸਾਂਝ ਵਾਲੇ ਇਸ ਗਠਜੋੜ ਵਿਚ ਹਾਲਾਤ ਠੀਕ ਨਹੀਂ ਹਨ। ਇਸ ਵਕਤ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਬਾਰੇ ਅਕਾਲੀ ਆਗੂਆਂ ਨੇ ਵੱਡਾ ਮੁੱਦਾ ਬਣਾਇਆ ਹੈ, ਪਰ ਅਸਲ ਵਿੱਚ ਇਸ ਤੋਂ ਪਹਿਲਾਂ ਨਸ਼ੀਲੇ ਪਦਾਰਥਾਂ ਦੇ ਮੁੱਦੇ ਤੋਂ ਵੀ ਭਾਜਪਾ ਆਗੂ ਕਹਿ ਰਹੇ ਸਨ ਕਿ ਅਕਾਲੀਆਂ ਨਾਲ ਸਾਂਝ ਨਿਭਣੀ ਔਖੀ ਹੁੰਦੀ ਜਾਂਦੀ ਹੈ। ਫਿਰ ਜਦੋਂ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾਂ ਨੂੰ ਬਾਦਲ ਪਰਵਾਰ ਦਾ ਵਿਰੋਧ ਕਰਨ ਪਿੱਚੋਂ ਕੇਂਦਰ ਸਰਕਾਰ ਨੇ ਪਦਮ ਭੂਸ਼ਣ ਦਿਵਾ ਦਿੱਤਾ ਤੇ ਬਾਦਲ ਪਰਵਾਰ ਦੀ ਸਲਾਹ ਵੀ ਨਹੀਂ ਸੀ ਲਈ ਤਾਂ ਮੱਤਭੇਦ ਹੋਰ ਵਧ ਗਏ ਸਨ। ਅੱਜ ਐੱਨ ਡੀ ਏ ਗੱਠਜੋੜ ਦੀ ਮੀਟਿੰਗ ਦੇ ਬਾਈਕਾਟ ਦੇ ਨਾਲ ਹੀ ਅਕਾਲੀ ਦਲ ਮੌਜੂਦਾ ਹਾਲਾਤ ਬਾਰੇ ਵਿਚਾਰ ਕਰਨ ਲਈ 3 ਫਰਵਰੀ ਨੂੰ ਕੋਰ ਕਮੇਟੀ ਦੀ ਮੀਟਿੰਗ ਵੀ ਸੱਦ ਲਈ ਹੈ।

ਭਾਜਪਾ ਆਗੂ ਖੁੱਲ੍ਹਾ ਭਾਵੇਂ ਨਹੀਂ ਕਹਿੰਦੇ, ਪਰ ਉਨ੍ਹਾਂ ਦੇ ਅੰਦਰੂਨੀ ਸੂਤਰ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲ਼ੀ ਕਾਂਡ ਦੇ ਕਾਰਨ ਅਕਾਲੀ ਦਲ ਦਾ ਅਕਸ ਕਾਫੀ ਖਰਾਬ ਹੋ ਚੁੱਕਾ ਹੈ ਤੇ ਭਾਜਪਾ ਹਾਈ ਕਮਾਨ ਮੰਨਦੀ ਹੈ ਕਿ ਦੋ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਖ਼ਿਲਾਫ਼ ਲੋਕਾਂ ਦੇ ਗੁੱਸੇ ਦਾ ਨੁਕਸਾਨ ਉਨ੍ਹਾਂ ਨੂੰ ਵੀ ਬਰਾਬਰ ਦਾ ਹੀ ਭੁਗਤਣਾ ਪਿਆ ਸੀ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਧੰਬਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਰਾਸ਼ਟਰੀ ਸਿੱਖ ਸੰਗਤ ਦੇ ਜਨਰਲ ਸਕੱਤਰ ਅਵਤਾਰ ਸਿੰਘ ਸ਼ਾਸਤਰੀ ਦੇ ਬਿਆਨ ਦੀ ਨਿਖੇਧੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਇੱਕੋ ਥਾਂ ਰੱਖ ਕੇ ਦੋਸ਼ ਲਾਏ ਸਨ। ਲੌਂਗੋਵਾਲ ਨੇ ਕਿਹਾ ਕਿ ਗੁਰ-ਦੁਆਰਾ ਪ੍ਰਧੰਬ ਸਿੱਖਾਂ ਦੀ ਚੁਣੀ ਹੋਈ ਸ਼੍ਰੋਮਣੀ ਕਮੇਟੀ ਕਰਦੀ ਹੈ ਤੇ ਰਾਸ਼ਟਰੀ ਸਿੱਖ ਸੰਗਤ ਕਹਾਉਂਦੀ ਆਰ ਐੱਸ ਐੱਸ ਦੀ ਇੱਕ ਸ਼ਾਖਾ ਸ਼ੁਰੂ ਤੋਂ ਸਿੱਖਾਂ ਵਿਚ ਦੁਚਿੱਤੀ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਰਹੀ ਹੈ। ਲੌਂਗੋਵਾਲ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਮਰਜ਼ੀ ਦੀ ਸੋਧ ਨਾਲ ਸਰਕਾਰ ਮਰਜ਼ੀ ਦਾ ਪ੍ਰਧਾਨ ਲਾਉਣਾ ਚਾਹੁੰਦੀ ਹੈ ਅਤੇ ਸੰਗਤ ਇਸ ਦਾ ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਨੂੰ ਯਾਦ ਰੱਖਣਾ ਚਾਹੀਦਾ ਹੈ ਸਿੱਖ ਇਕ ਵੱਖਰੀ ਕੌਮ ਹੈ, ਜਿਸ ਦਾ ਇਤਿਹਾਸ, ਮਰਿਆਦਾ ਤੇ ਰੀਤੀ-ਰਿਵਾਜ਼ ਵੱਖ ਹਨ। ਉਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਹਰ ਧਰਮ ਦਾ ਸਤਿਕਾਰ ਕਰਦੀ ਹੈ, ਪਰ ਆਪਣੇ ਧਰਮ ਦੇ ਮਾਮਲਿਆਂ ਵਿਚ ਕਿਸੇ ਦਾ ਦਖ਼ਲ ਬਰਦਾਸ਼ਤ ਕਦੇ ਨਹੀਂ ਕਰ ਸਕਦੀ।

# ਹਰਿਆਣੇ ਦੀ ਜੀਂਦ ਅਸੈਂਬਲੀ ਉੱਪ ਚੋਣ ਭਾਜਪਾ ਨੇ ਜਿੱਤੀ

* ਰਾਜਸਥਾਨ ਦੇ ਰਾਮਗੜ੍ਹ ਵਿੱਚ ਕਾਂਗਰਸ ਜੇਤੂ ਰਹੀ

ਨਵੀਂ ਦਿੱਲੀ, 31 ਜਨਵਰੀ, (ਪੋਸਟ ਬਿਊਰੋ)- ਅੱਜ ਆਏ ਰਾਜਸਥਾਨ ਤੇ ਹਰਿਆਣਾ ਦੀਆਂ ਦੋਂਹ ਵਿਧਾਨ ਸਭਾ ਸੀਟਾਂ ਦੇ ਉਪ ਚੋਣਾਂ ਦੇ ਨਤੀਜੇ ਵਿੱਚੋਂ ਹਰਿਆਣੇ ਦੀ ਜੀਂਦ ਸੀਟ ਭਾਜਪਾ ਨੇ ਜਿੱਤ ਲਈ ਹੈ ਅਤੇ ਰਾਜਸਥਾਨ ਦੇ ਰਾਮਗੜ੍ਹ ਵਿੱਚ ਕਾਂਗਰਸ ਜੇਤੂ ਸਾਬਤ ਹੋਈ ਹੈ। ਇਨ੍ਹਾਂ ਦੋਵਾਂ ਸੀਟਾਂ ਲਈ ਵੋਟਿੰਗ 28 ਜਨਵਰੀ ਨੂੰ ਹੋਈ ਸੀ।

ਰਾਜਸਥਾਨ ਦੀ ਰਾਮਗੜ੍ਹ ਸੀਟ ਉੱਤੇ ਕਾਂਗਰਸ ਦੀ ਸਾਫੀਆ ਸੁਬੈਰ ਜਿੱਤ ਗਈ ਹੈ। ਉਨ੍ਹਾਂ ਨੇ ਭਾਜਪਾ ਦੇ ਸੁਖਵੰਤ ਸਿੰਘ ਨੂੰ 12228 ਵੋਟਾਂ ਨਾਲ ਹਰਾਇਆ ਹੈ। ਕਾਂਗਰਸ ਦੀ ਸਾਫੀਆ ਸੁਬੇਰ ਨੂੰ 83311 ਵੋਟਾਂ ਮਿਲੀਆ ਅਤੇ ਭਾਜਪਾ ਦੇ ਸੁਖਵੰਤ ਸਿੰਘ ਨੂੰ 71083 ਵੋਟ ਮਿਲੇ ਹਨ। ਬਸਪਾ ਉਮੀਦਵਾਰ 24586 ਵੋਟ ਹੀ ਮਿਲ ਸਕੇ ਹਨ। ਰਾਮਗੜ੍ਹ ਸੀਟ ਦੀ ਜਿੱਤ ਦੇ ਨਾਲ ਰਾਜਸਥਾਨ ਦੀ 200 ਮੈਂਬਰੀ ਵਿਧਾਨ ਸਭਾ ਵਿੱਚ ਕਾਂਗਰਸ ਦੇ 100 ਮੈਂਬਰ ਹੋ ਗਏ ਤੇ ਇਸ ਪਾਰਟੀ ਨੂੰ ਸਹਿਯੋਗੀ ਦਲ ਦੇ ਸਮਰਥਨ ਨਾਲ ਸਰਕਾਰ ਚਲਾਉਣ ਦੀ ਸੌਖ ਹੋ ਗਈ ਹੈ।

ਜੀਂਦ ਵਿੱਚ ਪਹਿਲੀ ਵਾਰ ਲੋਕਾਂ ਨੇ ਭਾਜਪਾ ਉਮੀਦਵਾਰ ਨੂੰ ਵਿਧਾਇਕ ਚੁਣਿਆ ਹੈ। ਭਾਜਪਾ ਦੇ ਕ੍ਰਿਸ਼ਨ ਮਿੱਡਾ ਦੇ ਜਿੱਤਣ ਵੇਲੇ ਏਥੇ ਕਾਂਗਰਸ ਪਾਰਟੀ ਦੇ ਨਵਦੀਪ ਸਿੰਘ ਸੁਰਜੇਵਾਲਾ ਤੀਸਰੇ ਨੰਬਰ ਉੱਤੇ ਰਹੇ ਹਨ। ਚੌਟਾਲਾ ਪਰਵਾਰ ਦੀ ਇਨੇਲੋ ਪਾਰਟੀ ਦੇ ਦੋ ਥਾਂਈਂ ਪਾਟਕ ਦੇ ਬਾਅਦ ਨਵੀਂ ਬਣੀ ਜਨਨਾਇਕ ਜਨਤਾ ਪਾਰਟੀ ਦੇ ਦਿਗਵਿਜੈ ਚੌਟਾਲਾ ਦੂਸਰੇ ਨੰਬਰ ਉਤੇ ਰਹੇ ਹਨ। ਭਾਜਪਾ ਦੇ ਕ੍ਰਿਸ਼ਨ ਮਿੱਡਾ ਨੂੰ 50566 ਵੋਟ ਮਿਲੇ, ਦਿਗਵਿਜੇ ਚੌਟਾਲਾ ਨੂੰ 73631 ਅਤੇ ਕਾਂਗਰਸ ਦੇ ਨਵਦੀਪ ਸਿੰਘ ਸੁਰਜੇਵਾਲਾ ਨੂੰ ਸਿਰਫ 22740 ਵੋਟ ਹੀ ਮਿਲ ਸਕੇ।

# ਬੇਅਦਬੀ ਕਾਂਡ ਦਾ ਨਵਾਂ ਖ਼ੁਲਾਸਾ: ਡੇਰਾ ਸਿਰਸਾ ਵਿੱਚ ਬਣੀ ਸੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਸਾਜ਼ਿਸ਼

ਬਠਿੰਡਾ, 31 ਜਨਵਰੀ, (ਪੋਸਟ ਬਿਊਰੋ)- ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਾਲ 2016 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਵਿੱਚ ਡੇਰਾ ਸਿਰਸਾ ਦੇ ਕੁਝ ਪ੍ਰੇਮੀ ਗ੍ਰਿਫ਼ਤਾਰ ਕਰ ਕੇ ਇਹ ਕੇਸ ਹੱਲ ਕਰਨ ਦਾ ਦਾਅਵਾ ਕੀਤਾ ਸੀ, ਪਰ ਅਜੇ ਤੱਕ ਜਾਂਚ ਸਿਰੇ ਨਹੀਂ ਲੱਗੀ। ਇਸ ਦੌਰਾਨ ਅੱਜ ਇੱਕ ਹੋਰ ਭੇਦ ਦਾ ਖੁਲਾਸਾ ਹੋਣ ਦੀ ਖਬਰ ਮੀਡੀਆ ਵਿੱਚ ਛਪੀ ਹੈ। ਨਵੇਂ ਖੁਲਾਸੇ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਦੇ ਬਾਅਦ ਬੇਅਦਬੀ ਦੀ ਸਾਜਿਸ਼ ਡੇਰਾ ਸੱਚਾ ਸੌਦਾ ਸਿਰਸਾ ਦੇ ਐਡਮਿਨ ਬਲਾਕ ਦੇ ਕਮਰਾ ਨੰਬਰ ਚਾਰ ਵਿਚ ਬਣੀ ਤੇ ਇਸ ਜੁਰਮ ਦਾ ਮੁੱਖ ਦੋਸ਼ੀ ਬਾਘਾ ਪੁਰਾਣਾ ਡੇਰੇ ਦਾ ਕਰਤਾ-ਧਰਤਾ ਪ੍ਰਿਥੀ ਸਿੰਘ ਦੱਸਿਆ ਜਾਂਦਾ ਹੈ।

ਇਹ ਸੰਬੰਧ ਵਿੱਚ ਭਗਤਾ ਭਾਈਕਾ ਨੇੜਲੇ ਪਿੰਡ ਗੁਰੂਸਰ ਜਲਾਲ ਵਿਚ ਸਾਲ 2016 ਵਿੱਚ ਇਹ ਕੰਮ ਕਰਨ ਦੇ ਦੋਸ਼ੀ ਜਤਿੰਦਰਬੀਰ ਅਰੋੜਾ ਉਰਫ਼ ਜਿੰਮੀ ਵੱਲੋਂ ਅਦਾਲਤ ਵਿੱਚ ਦਰਜ ਕਰਵਾਏ ਧਾਰਾ 164 ਦੇ ਬਿਆਨਾਂ ਨੇ ਕਈ ਕੁਝ ਖੋਲ੍ਹ ਦਿੱਤਾ ਹੈ। ਉਸ ਦੇ ਬਿਆਨ ਅਨੁਸਾਰ 2 ਅਕਤੂਬਰ 2015 ਨੂੰ ਉਸ ਨੂੰ ਪ੍ਰਿਥੀ ਸਿੰਘ ਬਾਘਾ ਪੁਰਾਣਾ ਨੇ ਫੋਨ ਕੀਤਾ ਕਿ ਉਸ ਨੂੰ ਡੇਰਾ ਪ੍ਰੇਮੀਆਂ ਦੇ ਆਗੂ ਹਰਸ਼ ਨੇ ਡੇਰਾ ਸਿਰਸਾ ਵਿਚ ਸੱਦਿਆ ਅਤੇ ਇਕੱਲੇ ਆਉਣ ਨੂੰ ਕਿਹਾ ਸੀ। ਅਗਲੇ ਦਿਨ ਸਵੇਰੇ ਕਰੀਬ ਦਸ ਵਜੇ ਜਿੰਮੀ ਡੇਰਾ ਸਿਰਸਾ ਜਾ ਕੇ ਪ੍ਰਿਥੀ ਸਿੰਘ ਨੂੰ ਮਿਲਿਆ, ਜਿਸ ਨੇ ਉਸ ਨੂੰ ਡੇਰੇ ਦੇ ਐਡਮਨ ਬਲਾਕ ਦੇ ਕਮਰਾ ਨੰਬਰ ਚਾਰ ਵਿਚ ਭੇਜ ਦਿੱਤਾ, ਜਿੱਥੇ ਸੰਦੀਪ ਬਰੇਟਾ, ਹਰਸ਼ ਧੂਰੀ ਅਤੇ ਪ੍ਰਦੀਪ ਸਿੰਘ ਕਲੇਰ ਬੈਠੇ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਜਿੰਮੀ ਨੂੰ ਸਹੁੰ ਚੁਕਾਈ ਕਿ ਜੋ ਗੱਲ ਅੱਜ ਉਹ ਉਸ ਨਾਲ ਕਰਨਗੇ, ਕਿਸੇ ਨੂੰ ਨਹੀਂ ਦੱਸੇਗਾ। ਜਿੰਮੀ ਦਾ ਕਹਿਣਾ ਹੈ ਕਿ ਇਸ ਦੇ ਬਾਅਦ ਡੇਰਾ ਪ੍ਰੇਮੀਆਂ ਨੇ ਕਿਹਾ ਕਿ ਤੂੰ ਅਜੇ ਤਕ ਡੇਰੇ ਵਾਸਤੇ ਕੁਝ ਨਹੀਂ ਕੀਤਾ, ਪਰ ਅੱਗੋਂ ਡੇਰੇ ਲਈ ਤੈਨੂੰ ਇਕ ਕੰਮ ਕਰਨਾ ਪਵੇਗਾ। ਉਨ੍ਹਾਂ ਨੇ ਉਸ ਨੂੰ ਕਿਹਾ ਕਿ ਸਿੱਖਾਂ ਨੇ ਡੇਰਾ ਮੁਖੀ ਦੀ ਫਿਲਮ ਪੰਜਾਬ ਵਿਚ ਨਹੀਂ ਲੱਗਣ ਦਿੱਤੀ ਤੇ ਉਹ ਨਾਮ ਚਰਚਾ ਵੀ ਰੋਕਦੇ ਹਨ, ਇਸ ਲਈ ਸਿੱਖਾਂ ਨੂੰ ਸਬਕ ਸਿਖਾਉਣ ਲਈ ਅਸੀਂ ਤੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇਵਾਂਗੇ ਤੇ ਤੂੰ ਉਸ ਦੀ ਬੇਅਦਬੀ ਕਰਨੀ ਹੈ। ਉਸ ਨੇ ਕਿਹਾ ਕਿ 16 ਅਕਤੂਬਰ ਨੂੰ ਦੀਪਕ ਮਲੋਟ ਨੇ ਫੋਨ ਕਰ ਕੇ ਕਿਹਾ ਕਿ ਹਰਸ਼ ਧੂਰੀ ਨੇ ਤੇਰੇ ਲਈ ਕੁਝ ਸਾਮਾਨ ਭੇਜਿਆ ਹੈ। ਫਿਰ ਡੇਰਾ ਪ੍ਰੇਮੀ ਦੀਪਕ ਮਲੋਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਲੈ ਕੇ ਬਠਿੰਡਾ-ਮਲੋਟ ਰੋਡ ਦੇ ਡੇਰਾ ਸਿਰਸਾ ਦੇ ਬਾਹਰ ਪੁੱਜ ਗਿਆ, ਜਿੱਥੋਂ ਜਤਿੰਦਰਬੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਵਾਲਾ ਬੈਗ ਲੈ ਕੇ ਭਗਤਾ ਭਾਈਕਾ ਗਿਆ ਅਤੇ ਡੇਰਾ ਪ੍ਰੇਮੀ ਰਾਜਬੀਰ ਸਿੰਘ ਦੀ ਦੁਕਾਨ ਉਤੇ ਉਸੇ ਦਿਨ ਸ਼ਾਮ ਛੇ ਵਜੇ ਮੀਟਿੰਗ ਹੋਈ, ਜਿੱਥੇ ਬਲਜੀਤ ਸਿੰਘ, ਰਾਜਵੀਰ ਸਿੰਘ, ਸੁਖਮੰਦਰ ਸਿੰਘ, ਕ੍ਰਿਸ਼ਨ ਕੁਮਾਰ ਵਰਮਾ ਤੇ ਰਾਜਿੰਦਰ ਕੁਮਾਰ ਬੱਬੂ ਵੀ ਸਨ। ਸਭ ਤੋਂ ਪਹਿਲਾਂ ਜਤਿੰਦਰਬੀਰ ਜਿੰਮੀ ਨੇ ਨਾਅਰਾ ਲਾ ਕੇ ਸਾਰਿਆਂ ਨੂੰ ਸਹੁੰ ਚੁਕਾਈ ਅਤੇ ਇਸ ਬਾਰੇ ਦੱਸਿਆ ਕਿ ਡੇਰਾ ਪ੍ਰਬੰਧਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਜ਼ਿੰਮੇਵਾਰੀ ਲਾਈ ਹੈ। ਇਸ ’ਤੇ ਓਥੇ ਮੌਜੂਦ ਸਾਰੇ ਡੇਰਾ ਪ੍ਰੇਮੀ ਮੰਨ ਗਏ।

ਜਿੰਮੀ ਦੇ ਬਿਆਨ ਮੁਤਾਬਕ ਇਸ ਪਿੱਛੋਂ ਡੇਰਾ ਪ੍ਰੇਮੀਆਂ ਨੇ ਮੀਟਿੰਗ ਵਿਚ ਅੰਗ ਖਿਲਾਰ ਕੇ ਬੇਅਦਬੀ ਕਰਨ ਲਈ ਭਗਤਾ ਭਾਈਕਾ ਨੇੜੇ ਪਿੰਡ ਗੁਰੂਸਰ ਜਲਾਲ ਨੂੰ ਚੁਣਿਆ ਤੇ ਫ਼ੈਸਲਾ ਕੀਤਾ ਕਿ 20 ਅਕਤੂਬਰ ਨੂੰ ਸਵੇਰੇ ਉਸ ਪਿੰਡ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ ਜਾਣਗੇ। 20 ਅਕਤੂਬਰ ਸਵੇਰੇ ਕਰੀਬ ਸਾਢੇ ਚਾਰ ਵਜੇ ਜਤਿੰਦਰਬੀਰ ਸੁਖਮੰਦਰ ਸਿੰਘ ਦੇ ਘਰ ਗਿਆ ਤਾਂ ਓਥੇ ਰਾਜਬੀਰ ਸਿੰਘ ਵੀ ਮੋਟਰਸਾਈਕਲ ਉਤੇ ਆ ਗਿਆ। ਜਿੰਮੀ ਦਾ ਕਹਿਣਾ ਹੈ ਕਿ ਉਹ ਸੁਖਮੰਦਰ ਦੇ ਘਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਵਾਲਾ ਬੈਗ ਚੁੱਕ ਕੇ ਕੁਲਦੀਪ ਸਿੰਘ ਦੇ ਮੋਟਰ ਸਾਈਕਲ ਦੇ ਪਿੱਛੇ ਬੈਠ ਗਿਆ ਅਤੇ ਦੂਸਰੇ ਮੋਟਰਸਾਈਕਲ ’ਤੇ ਰਾਜਵੀਰ ਸਿੰਘ, ਬਲਜੀਤ ਸਿੰਘ ਤੇ ਸੁਖਮੰਦਰ ਸਿੰਘ ਬੈਠ ਕੇ ਪਿੰਡ ਗੁਰੂਸਰ ਨੂੰ ਚੱਲ ਪਏ। ਇਸ ਮੌਕੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਅੱਧੇ-ਅੱਧੇ ਵੰਡ ਲਏ। ਜਿੰਮੀ ਤੇ ਕੁਲਦੀਪ ਨੇ ਪਿੰਡ ਦੀ ਫਿਰਨੀ ਉਤੇ ਅੰਗ ਖਿਲਾਰੇ ਤੇ ਦੂਸਰੇ ਮੋਟਰਸਾਈਕਲ ਦੇ ਸਵਾਰਾਂ ਨੇ ਪਿੰਡ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ। ਫਿਰ ਜਿੰਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਜਾਣਕਾਰੀ ਪ੍ਰਿਥੀ ਸਿੰਘ ਨੂੰ ਮੋਬਾਈਲ ਫੋਨ ਉੱਤੇ ਦਿੱਤੀ। ਜਿੰਮੀ ਨੇ ਕਿਹਾ ਕਿ ਅੰਗ ਖਿਲਾਰਨ ਪਿੱਛੋਂ ਉਹ ਘਰ ਆ ਕੇ ਸੌਂ ਗਿਆ। ਉਸ ਨੇ ਦੱਸਿਆ ਕਿ ਬੁਲਡੋਜ਼ਰ ਕਾਲੋਨੀ, ਗੁਰਦੁਆਰਾ ਮਹਿਲ ਸਾਹਿਬ ਤੇ ਭੂਤਾਂ ਵਾਲਾ ਖੂਹ ਕੋਲ ਗੁਟਕਾ ਸਾਹਿਬ ਦੀ ਬੇਅਦਬੀ ਗੁਰਪਵਿੱਤਰ ਸਿੰਘ, ਰਾਜਿੰਦਰ ਬੱਬੂ, ਰਾਜਵੀਰ ਸਿੰਘ, ਸੁਖਮੰਦਰ ਸਿੰਘ ਤੇ ਬਲਜੀਤ ਸਿੰਘ ਨੇ ਕੀਤੀ ਸੀ।

# ਰਾਸ਼ਟਰਪਤੀ ਦੇ ਭਾਸ਼ਣ ਰਾਹੀਂ ਮੋਦੀ ਸਰਕਾਰ ਨੇ 5 ਸਾਲ ਦਾ ਲੇਖਾ ਪੇਸ਼ ਕਰਵਾ ਲਿਆ

ਨਵੀਂ ਦਿੱਲੀ, 31 ਜਨਵਰੀ, (ਪੋਸਟ ਬਿਊਰੋ)- ਇਸ ਸਾਲ ਵਿੱਚ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਤੇ ਮੌਜੂਦਾ ਲੋਕ ਸਭਾ ਦੇ ਆਖਰੀ ਸਮਾਗਮ ਦੀ ਸ਼ੁਰੂਆਤ ਮੌਕੇ ਅੱਜ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੇ ਭਾਸ਼ਣ ਵਿੱਚ ਨਰਿੰਦਰ ਮੋਦੀ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਕੰਮ ਦਾ ਲੇਖਾ ਪੇਸ਼ ਕਰ ਦਿਤਾ ਹੈ।

ਇਸ ਭਾਸ਼ਣ ਵਿੱਚ ਰਾਸ਼ਟਰਪਤੀ ਕੋਵਿੰਦ ਨੇ ਪਾਰਲੀਮੈਂਟ ਦੇ ਦੋਵਾਂ ਸਦਨਾਂ ਦੀ ਸਾਂਝੀ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਇਸ ਸਾਲ ਸਾਡਾ ਦੇਸ਼ ਖ਼ੁਸ਼ਹਾਲ ਨਵੇਂ ਭਾਰਤ ਲਈ ਇਕ ਨਿਰਣਾਇਕ ਦਿਸ਼ਾ ਕਾਇਮ ਕਰੇਗਾ ਅਤੇ ਆਮ ਚੋਣਾਂ ਦੇ ਰੂਪ ’ਚ ਲੋਕਤੰਤਰ ਦਾ ਸਭ ਤੋਂ ਵੱਡਾ ਉਤਸਵ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸਰਕਾਰ ਦੀ ਰਾਜਸੀ ਸਫ਼ਲਤਾ ਹੈ ਕਿ ਅੱਜ ਭਾਰਤ ਦੀ ਆਵਾਜ਼ ਵਿਸ਼ਵ ਦੇ ਮੰਚ ਉੱਤੇ ਸਨਮਾਨ ਨਾਲ ਸੁਣੀ ਜਾਂਦੀ ਹੈ ਅਤੇ ਭਾਰਤ ਦੀ ਪਹਿਲ ਉੱਤੇ ਯੂ ਐੱਨ ਓ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਵਜੋਂ ਐਲਾਨ ਕੀਤਾ ਤੇ ਇਹ ਪੂਰੇ ਵਿਸ਼ਵ ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਈ ਦਹਾਕਿਆਂ ਪਿੱਛੋਂ ਭਾਰਤੀ ਹਵਾਈ ਸੈਨਾ ਅਗਲੇ ਮਹੀਨਿਆਂ ਵਿੱਚ ਨਵੀਂ ਪੀੜ੍ਹੀ ਦੇ ਅਤਿ ਆਧੁਨਿਕ ਲੜਾਕੂ ਜਹਾਜ਼ ਰਾਫੇਲ ਨੂੰ ਸ਼ਾਮਲ ਕਰ ਕੇ ਆਪਣੀ ਸ਼ਕਤੀ ਨੂੰ ਹੋਰ ਮਜ਼ਬੂਤ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਚਾਰ ਦਹਾਕਿਆਂ ਤੋਂ ਲਟਕਦੀ ‘ਵਨ ਰੈਂਕ ਵਨ ਪੈਨਸ਼ਨ’ ਦੀ ਮੰਗ ਇਸ ਸਰਕਾਰ ਨੇ ਨਾ ਸਿਰਫ਼ ਪੂਰਾ ਕੀਤੀ, ਸਗੋਂ 20 ਲੱਖ ਸਾਬਕਾ ਫੌਜੀਆਂ ਨੂੰ 10,700 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਵੀ ਕਰ ਦਿੱਤਾ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਸਰਕਾਰ ਨੇ ਕਰਤਾਰਪੁਰ ਕਾਰੀਡੋਰ ਦਾ ਇਤਿਹਾਸਿਕ ਫੈਸਲਾ ਲਿਆ ਤੇ ਇਸੇ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਮੌਕੇ ਇਕ ਵਿਸ਼ੇਸ ਸਿੱਕਾ ਜਾਰੀ ਕੀਤਾ ਜਾਣ ਵਾਲਾ ਹੈ। ਇਹ ਸਭ ਲਈ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਨੇ ਕਰਤਾਰਪੁਰ ਕਾਰੀਡੋਰ ਬਣਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ। ‘ਨਮਾਇ ਗੰਗੇ ਮਿਸ਼ਨ’ ਹੇਠ ਸਰਕਾਰ ਨੇ 25 ਹਜ਼ਾਰ 500 ਕਰੋੜ ਰੁਪਏ ਦੇ ਪ੍ਰੋਜੈਕਟਸ ਲਾਗੂ ਕੀਤੇ ਹਨ ਤੇ ਗੰਗਾ ਨਦੀ ਵਿੱਚ ਡਿੱਗਦੇ ਦਰਜਨਾਂ ਵੱਡੇ ਨਾਲੇ ਬੰਦ ਕਰ ਕੇ, ਉਦਯੋਗਿਕ ਕਚਰਾ ਰੋਕ ਕੇ, ਸ਼ਹਿਰਾਂ ਦੇ ਕਿਨਾਰੇ ਕਈ ਸੀਵਰ ਪਲਾਂਟ ਲਾ ਕੇ ਸਰਕਾਰ ਨੇ ਗੰਗਾ ਨੂੰ ਸਵੱਛ ਬਣਾਉਣ ਦਾ ਕੰਮ ਲਗਾਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੀ ਐੱਸ ਟੀ ਟੈਕਸ ਸਿਸਟਮ ਲਾਗੂ ਕਰਨ ਨਾਲ ਦੇਸ਼ ’ਚ ਇਕ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਬੰਧ ਚੱਲਣ ਲੱਗਾ ਹੈ, ਜਿਸ ਦਾ ਵੱਡਾ ਲਾਭ ਨੌਜਵਾਨਾਂ ਨੂੰ ਮਿਲ ਰਿਹਾ ਹੈ। ਇਸ ਨਾਲ ਵਪਾਰੀਆਂ ਲਈ ਪੂਰੇ ਦੇਸ਼ ’ਚ ਹਰ ਜਗ੍ਹਾ ਵਾਪਾਰ ਕਰਨਾ ਆਸਾਨ ਹੋਇਆ ਹੈ।

ਇਸ ਮੌਕੇ ਰਾਸ਼ਟਰਪਤੀ ਨੇ ਕਿਹਾ ਕਿ ਸਾਡੀਆਂ ਮੁਸਲਿਮ ਧੀਆਂ ਨੂੰ ਡਰ ਅਤੇ ਭੈਅ ਦੀ ਜ਼ਿੰਦਗੀ ਤੋਂ ਮੁਕਤ ਕਰਨ ਤੇ ਉਨ੍ਹਾਂ ਨੂੰ ਹੋਰਨਾਂ ਔਰਤਾਂ ਵਾਂਗ ਜੀਵਨ ਦਾ ਅਧਿਕਾਰ ਦੇਣ ਲਈ ਸਰਕਾਰ ਤਿੰਨ ਤਾਲਾਕ ਦੇ ਕਾਨੂੰਨ ਨੂੰ ਪਾਰਲੀਮੈਂਟ ਤੋਂ ਪਾਸ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਇਹੀ ਨਹੀਂ, ‘ਪ੍ਰਧਾਨ ਮੰਤਰੀ ਮੁਦਰਾ ਯੋਜਨਾ’ ਨਾਲ ਸਭ ਤੋਂ ਵੱਧ ਲਾਭ ਵੀ ਔਰਤਾਂ ਨੂੰ ਮਿਲਿਆ ਹੈ। ਪਿਛਲੇ ਸਰਦ ਰੁੱਤ ਸੈਸ਼ਨ ਵਿੱਚ ਪਾਰਲੀਮੈਂਟ ਨੇ ਇੱਕ ਸੋਧ ਪਾਸ ਕਰ ਕੇ ਗ਼ਰੀਬਾਂ ਨੂੰ ਰਾਖਵਾਂਕਰਨ ਦਾ ਲਾਭ ਦੇਣ ਦਾ ਇਤਹਾਸਿਕ ਫ਼ੈਸਲਾ ਵੀ ਲਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਕਿਸੇ ਨਾਬਾਲਿਗ ਨਾਲ ਬਲਾਤਕਾਰ ਦੇ ਦੋਸ਼ ਦੀ ਸਜ਼ਾ ਲਈ ਸਰਕਾਰ ਨੇ ਆਪਰਾਧੀ ਨੂੰ ਫ਼ਾਸੀ ਦੀ ਸਜ਼ਾ ਦੇਣ ਦੀ ਵਿਵਸਥਾ ਕੀਤੀ ਹੈ। ਇਸ ਨਾਲ ਲੋਕਾਂ ’ਚ ਇਕ ਸਖ਼ਤ ਸੰਦੇਸ਼ ਗਿਆ ਹੈ।




ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Inderjit Singh

Daljit Singh

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

STAFFORD TRUCK CENTRE

30 Stafford Dr., Brampton, Tel: 905 - 460 - 1414

HEAD OFFICE: 905-874-9878

Tol Free: 1-877-799-9878, www.skydomeauto.ca

Paramjit Deol CELL: 416-993-7378

Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000

Photo Not Available

2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000



1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $69,000



256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੋਂਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900



255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000

Photo Not Available

8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900



2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜ਼ਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000

Photo Not Available

15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000



15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000



118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000



4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900



3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੂਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000



29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000

Photo Not Available

384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $899,000



Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000

Photo Not Available

18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999



Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

## ਡਾਇਮੰਡ ਕਬੱਡੀ ਕੱਪ 22 ਨੂੰ



ਸੰਗਰੂਰ, 31 ਜਨਵਰੀ (ਸਤਪਾਲ ਖਡਿਆਲ): ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਨੂੰ ਉਤਸਾਹਿਤ ਕਰਨ ਵਾਲੇ ਪ੍ਰਵਾਸੀ ਭਾਰਤੀ ਹਰ ਸਾਲ ਆਪਣੇ ਪਿੰਡਾਂ ਵਿੱਚ ਵੱਡੇ ਵੱਡੇ ਕਬੱਡੀ ਟੂਰਨਾਮੈਂਟ ਕਰਵਾਉਂਦੇ ਹਨ ।ਇਸ ਲੜੀ ਤਹਿਤ ਫਿਲੌਰ ਕੌਮੀ ਸ਼ਾਹ ਮਾਰਗ ਦੇ ਨੇੜਲੇ ਪਿੰਡ ਖਹਿਰਾ ਭੱਟੀਆਂ ਵਿਖੇ ਯੰਗ ਸਪੋਰਟਸ ਕਲੱਬ ਵੱਲੋਂ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਸੱਤਵਾਂ ਡਾਇਮੰਡ ਕਬੱਡੀ ਕੱਪ 22 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਕੱਪ ਪ੍ਰਤੀ ਸਾਡੇ ਪ੍ਰਤੀਨਿੰਧ ਨੂੰ ਜਾਣਕਾਰੀ ਦਿੰਦਿਆ ਅਵਤਾਰ ਸਿੰਘ ਖਹਿਰਾ ਨੇ ਦੱਸਿਆ ਇਸ ਕਬੱਡੀ ਕੱਪ ਦੌਰਾਨ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ ਦੀਆਂ ਅੱਠ ਚੋਟੀ ਦੀਆਂ ਟੀਮਾਂ ਵੱਡੇ ਇਨਾਮੀ ਕੱਪ ਨੂੰ ਜਿੱਤਣ ਲਈ ਜੌਹਰ ਦਿਖਾਉਣਗੀਆਂ। ਕੱਪ ਜੇਤੂ ਟੀਮ ਨੂੰ 1.5 ਲੱਖ ਅਤੇ ਉਪ ਜੇਤੂ ਟੀਮ ਨੂੰ 1 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਮੱਖਣ ਸਿੰਘ ਖਹਿਰਾ ਚੇਅਰਮੈਨ, ਅਮਰਜੀਤ ਸਿੰਘ ਖਹਿਰਾ, ਜਸਵੀਰ ਸਿੰਘ ਖਹਿਰਾ, ਸੁੱਖਾ ਹੁੰਦਲ ਕੈਨੇਡਾ, ਭਜਨ ਹੁੰਦਲ ਕੈਨੇਡਾ, ਬੇਅੰਤ ਸਿੰਘ ਕੈਨੇਡਾ, ਰੋਮੀ ਅਮਰੀਕਾ, ਅਜੀਤ ਸਿੰਘ ਗੋਗੀ ਤੇ ਸੁੱਖੀ ਚੀਮਾਂ ਵੱਲੋਂ ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਸਮੁੱਚੇ ਟੂਰਨਾਮੈਂਟ ਦੇ ਪ੍ਰਬੰਧ ਕੀਤੇ ਜਾਣਗੇ। ਟੂਰਨਾਮੈਂਟ ਦੇ ਸਰਵੋਤਮ ਧਾਵੀ ਤੇ ਜਾਫੀ ਨੂੰ ਅਵਤਾਰ ਸਿੰਘ ਖਹਿਰਾ ਅਮਰੀਕਾ ਵੱਲੋਂ ਜੀਪਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਅਵਤਾਰ ਸਿੰਘ ਖਹਿਰਾ ਦੀ ਅਗਵਾਈ 'ਚ ਅਮਰੀਕਾ ਤੇ ਰਾਜਸਥਾਨ ਦੀਆਂ ਔਰਤਾਂ ਦੀਆਂ ਟੀਮਾਂ ਦਰਮਿਆਨ ਪ੍ਰਦਰਸ਼ਨੀ ਮੈਚ ਖੇਡਿਆ ਜਾਵੇਗਾ। ਲਖਵੀਰ ਸਿੰਘ ਖਹਿਰਾ ਦੀ ਦੇਖ-ਰੇਖ 'ਚ ਨਾਮਵਰ ਗਾਇਕਾ ਜਸਵਿੰਦਰ ਬਰਾੜ ਦੀ ਗਾਇਕੀ ਦਾ ਖੁੱਲਾ ਅਖਾੜਾ ਸਜੇਗਾ। ਸੁਖਬੀਰ ਸਿੰਘ ਖਹਿਰਾ ਵੱਲੋਂ ਲੰਗਰ ਵਰਤਾਇਆ ਜਾਵੇਗਾ। ਲੱਖਾਂ ਰੁਪਏ ਦੀ ਲਾਗਤ ਵਾਲੇ ਇਸ ਕੱਪ ਲਈ ਪਿੰਡ ਵਾਸੀਆਂ ਵੱਲੋਂ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਕੱਪ ਦੌਰਾਨ ਲੋਕ ਸਭਾ ਮੈਂਬਰ ਸੰਤੋਖ ਚੌਧਰੀ ਮੁੱਖ ਮਹਿਮਾਨ ਹੋਣਗੇ ਅਤੇ ਨੌਜਵਾਨ ਆਗੂ ਵਿਕਰਮਜੀਤ ਸਿੰਘ ਚੌਧਰੀ ਸਮਾਗਮ ਦੀ ਪ੍ਰਧਾਨਗੀ ਕਰਨਗੇ।

## ਬਿਜ਼ਨਸ ਦੇ ਵਿਰੋਧ ਕਾਰਨ ਫਰੂਟ ਕਾਰੋਬਾਰੀ ਦੀ ਹੱਤਿਆ

ਲੁਧਿਆਣਾ, 31 ਜਨਵਰੀ (ਪੋਸਟ ਬਿਊਰੋ)- ਇੱਕ ਹਫਤਾ ਪਹਿਲਾਂ ਘਰੋਂ ਫਰੂਟ ਦੇਣ ਗਿਆ ਰਾਮਗੜ੍ਹ ਦਾ ਰਹਿਣ ਵਾਲਾ ਯਸ਼ਪਾਲ ਗੁਪਾਟੀ ਲਾਪਤਾ ਨਹੀਂ ਹੋਇਆ ਸੀ, ਉਸ ਨੂੰ ਅਗਵਾ ਕੀਤਾ ਗਿਆ ਤੇ ਫਿਰ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਪਹਿਲਾਂ ਲਾਸ਼ ਨੂੰ ਖਾਲੀ ਪਲਾਟ ਵਿੱਚ ਦਬਾ ਦਿੱਤਾ ਗਿਆ, ਫਿਰ ਲਾਸ਼ ਖੁਰਦ-ਬੁਰਦ ਕਰਨ ਲਈ ਨਹਿਰ ਵਿੱਚ ਸੁੱਟੀ ਗਈ। ਥਾਣਾ ਜਮਾਲਪੁਰ ਦੀ ਚੌਕੀ ਰਾਮਗੜ੍ਹ ਦੀ ਪੁਲਸ ਵੱਲੋਂ ਫੜੇ ਗਏ ਤਿੰਨ ਦੋਸ਼ੀਆਂ ਨੇ ਪੁੱਛਗਿੱਛ ਦੌਰਾਨ ਇਹ ਖੁਲਾਸਾ ਕਰ ਦਿਤਾ ਹੈ। ਦੋਸ਼ੀ ਕੋਹਾੜਾ ਦੇ ਰਹਿਣ ਵਾਲੇ ਸ਼ਹਿਨਵਾਜ਼ ਖਾਨ, ਉਸ ਦਾ ਭਰਾ ਸ਼ਹਿਨਾਜ਼ ਖਾਨ ਉਰਫ ਸੰਜੂ ਅਤੇ ਦੋਸਤ ਮੁਕੇਸ਼ ਕੁਮਾਰ ਉਰਫ ਆਦਿੱਤਯਾ ਹਨ।

ਮਿਲੀ ਜਾਣਕਾਰੀ ਮੁਤਾਬਕ ਯਸ਼ਪਾਲ ਗੁਲਾਟੀ (55) ਫਰੂਟ ਵੇਚਣ ਦਾ ਕੰਮ ਕਰਦਾ ਸੀ। 20 ਜਨਵਰੀ ਨੂੰ ਸਵੇਰੇ ਆਪਣੀ ਮਹਿੰਦਰਾ ਪਿਕਅਪ ਲੈ ਕੇ ਘਰੋਂ ਨਿਕਲਿਆ, ਪਰ ਵਾਪਸ ਘਰ ਨਹੀਂ ਗਿਆ। ਇਸ ਬਾਰੇ ਪਰਵਾਰ ਵਾਲਿਆਂ ਨੇ ਥਾਣਾ ਕੂਮਕਲਾਂ ਪੁਲਸ ਨੂੰ ਗੁੰਮਸ਼ੁਦਗੀ ਰਿਪੋਰਟ ਦਰਜ ਕਰਵਾਈ ਸੀ, ਪਰ ਥਾਣਾ ਕੂਮਕਲਾਂ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਪੀੜਤ ਪਰਵਾਰ ਥਾਣਾ ਜਮਾਲਪੁਰ ਦੀ ਪੁਲਸ ਕੋਲ ਗਿਆ, ਜਿੱਥੇ ਐੱਸ ਐੱਚ ਓ ਜਮਾਲਪੁਰ ਨੇ ਮਾਮਲੇ ਦੀ ਪੜਤਾਲ ਸ਼ੁਰੂ ਕੀਤੀ ਤੇ ਕੜੀ ਨਾਲ ਕੜੀ ਜੋੜਦੇ ਹੋਏ ਗੁਲਾਟੀ ਦੀ ਗੱਡੀ ਭੈਣੀ ਸਾਹਿਬ ਪਿੰਡ ਤੋਂ ਬਰਾਮਦ ਕੀਤੀ, ਫਿਰ ਤਿੰਨ ਦੋਸ਼ੀਆਂ ਨੂੰ ਕਾਬੂ ਕਰ ਲਿਆ, ਤਦ ਜਾ ਕੇ ਯਸ਼ਪਾਲ ਗੁਲਾਟੀ ਦੀ ਹੱਤਿਆ ਦਾ ਖੁਲਾਸਾ ਹੋਇਆ।

## ਕੈਨੇਡਾ ਦੀ ਨਵੀਂ ਫੂਡ ਗਾਈਡ ਸ਼ਲਾਘਾ ਜੋਗ : ਸੋਨੀਆ ਸਿੱਧੂ

ਬਰੈਂਪਟਨ, - ਫੂਡ ਗਾਈਡ ਖਾਣ-ਪੀਣ ਦੇ ਪਦਾਰਥਾਂ ਦੀ ਚੋਣ ਕਰਨ ਵਿਚ ਸਾਡੀ ਸਹਾਇਤਾ ਕਰਦੀ ਹੈ ਅਤੇ ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਸ ਦੀ ਵਰਤੋਂ ਕਰਦੇ ਰਹੇ ਹਨ। ਪ੍ਰੰਤੂ, ਹੁਣ ਪਤਾ ਲੱਗਾ ਹੈ ਕਿ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਸਾਡੀ ਸਿਹਤ ਲਈ ਕਿੰਨੀਆਂ ਮਹੱਤਵਪੂਰਨ ਹਨ। ਆਪਣੇ ਕੰਮਾਂ-ਕਾਜਾਂ ਵਿਚ ਰੁੱਝੇ ਹੋਏ ਕੈਨੇਡਾ-ਵਾਸੀ ਆਪਣੇ ਲਈ ਤੇ ਆਪਣੇ ਪਰਿਵਾਰ ਲਈ ਪੌਸ਼ਟਿਕ ਖਾਧ-ਪਦਾਰਥਾਂ ਦੀ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹਨ ਜਿਸ ਉੱਪਰ ਉਹ ਪੂਰਨ ਭਰੋਸਾ ਕਰ ਸਕਣ।

ਬੀਤੇ ਦਿਨੀਂ ਲਾਂਚ ਕੀਤੀ ਗਈ ਕੈਨੇਡਾ ਦੀ ਨਵੀਂ ਫੂਡ-ਗਾਈਡ ਨੂੰ ਤਿਆਰ ਕਰਨ ਲਈ ਸਰਕਾਰ ਨੇ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਵੱਲੋਂ ਆਲ ਪਾਰਟੀ ਡਾਇਬੇਟੀਜ਼ ਕੌਕਸ ਦੀ ਚੇਅਰਪਰਸਨ ਵਜੋਂ 2017 ਵਿਚ ਹਫ਼ਤਾ-ਭਰ ਚਲਾਈ ਗਈ ਕੌਮੀ ਪੱਧਰ ਦੀ ਮੁਹਿੰਮ ਵਿਚ ਪੌਸ਼ਟਿਕ ਆਹਾਰ ਸਬੰਧੀ ਲੋਕਾਂ ਨਾਲ ਹੋਈ ਗੱਲਬਾਤ ਦੇ ਸਿੱਟਿਆਂ ਨੂੰ ਆਧਾਰ ਬਣਾਇਆ ਗਿਆ ਹੈ।

ਇਹ ਨਵੀਂ ਫੂਡ-ਗਾਈਡ ਆਨ-ਲਾਈਨ ਉਪਲੱਭਧ ਹੈ ਅਤੇ ਇਹ ਆਮ ਲੋਕਾਂ ਦੀਆਂ ਵੱਖ-ਵੱਖ ਖਾਧ-ਪਦਾਰਥਾਂ ਦੀ ਚੋਣ ਦੀ ਲੋੜ ਪੂਰੀ ਕਰਨ, ਇਸ ਸਬੰਧੀ ਸਰਕਾਰੀ ਪਾਲਸੀਆਂ ਬਨਾਉਣ ਵਾਲਿਆਂ ਅਤੇ ਸਿਹਤ ਨਾਲ ਸਬੰਧਿਤ ਪ੍ਰੋਫ਼ੈਨਲਾਂ ਸਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਹਾਈ ਹੋਵੇਗੀ। ਇਸ ਵਿਚ 'ਮੋਬਾਇਲ ਫ਼ਰੈਂਡਲੀ ਵੈੱਬ' ਵੀ ਮੌਜੂਦ ਹੈ ਜੋ ਕੈਨੇਡਾ-ਵਾਸੀਆਂ ਨੂੰ ਕਿਧਰੇ ਵੀ ਅਤੇ ਕਿਸੇ ਸਮੇਂ ਵੀ ਵਧੀਆ ਪੌਸ਼ਟਿਕ ਖਾਣਾ ਖਾਣ ਲਈ ਉਤਸ਼ਾਹਿਤ ਕਰਦੀ ਹੈ।

ਇਸ ਨਵੀਂ ਫੂਡ ਗਾਈਡ ਵਿਚ ਕੈਨੇਡਾ-ਵਾਸੀਆਂ ਲਈ ਖਾਣੇ ਦੀ ਚੋਣ ਬਾਰੇ ਹੇਠ ਲਿਖੇ ਸਾਰਥਿਕ ਮਸ਼ਵਰੇ ਸ਼ਾਮਲ ਹਨ:

- ਬਹੁਤ ਸਾਰੀਆਂ ਸਬਜ਼ੀਆਂ ਤੇ ਫਲ ਖਾਣੇ।
- ਪ੍ਰੋਟੀਨ ਭਰਪੂਰ ਖਾਧ-ਪਦਾਰਥ ਸੇਵਨ ਕਰਨੇ।
- ਛਿਲਕੇ ਸਮੇਤ ਅਨਾਜ (Whole Grain) ਦੀ ਵਰਤੋਂ ਕਰਨਾ



- ਪੀਣ ਲਈ ਪਾਣੀ ਦਾ ਪ੍ਰਯੋਗ ਕਰਨਾ।

ਪੌਸ਼ਟਿਕ ਖ਼ੁਰਾਕ ਆਮ ਖਾਣ-ਪੀਣ ਨਾਲੋਂ ਵਧੇਰੇ ਮਹੱਤਵਪੂਰਨ ਹੈ ਅਤੇ ਇਹ ਫੂਡ ਗਾਈਡ ਕੈਨੇਡਾ-ਵਾਸੀਆਂ ਨੂੰ ਇਨ੍ਹਾਂ ਨੁਕਤਿਆਂ ਵੱਲ ਪ੍ਰੇਰਿਤ ਕਰਦੀ ਹੈ:

- ਖਾਣਾ ਜ਼ਿਆਦਾ ਵਾਰੀ ਬਣਾਓ, ਭਾਵ ਬੇਹਾ ਖਾਣਾ ਨਾ ਖਾਓ।
- ਖਾਣਾ ਮਜ਼ੇ ਨਾਲ ਖਾਓ ਅਤੇ ਖਾਣ ਸਮੇਂ ਕਾਹਲੀ ਨਾ ਕਰੋ।
- ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਪ੍ਰਤੀ ਸੇਚੇਤ ਰਹੋ।
- ਦੂਸਰਿਆਂ ਨਾਲ ਮਿਲ ਕੇ ਖਾਣਾ ਖਾਓ।

ਇਹ ਨਵੀਂ ਕੈਨੇਡਾ ਫੂਡ ਗਾਈਡ ਸਮੂਹ ਕੈਨੇਡਾ-ਵਾਸੀਆਂ ਲਈ ਹੈ। ਹੈੱਲਥ ਕੈਨੇਡਾ ਇਹ ਯਕੀਨੀ ਬਨਾਉਣਾ ਚਾਹੁੰਦਾ ਹੈ ਕਿ ਇਸ ਵਿਚ ਸਮਾਜ ਦੇ ਸਾਰੇ ਵਰਗਾਂ ਜਿਨ੍ਹਾਂ ਵਿਚ ਕੈਨੇਡਾ ਦੇ ਪੁਰਾਣੇ ਵਸਨੀਕ ਵੀ ਸ਼ਾਮਲ ਹਨ, ਦੇ ਲਈ ਖਾਣੇ ਪ੍ਰਤੀ ਜਾਣਕਾਰੀ ਸ਼ਾਮਲ ਹੋਵੇ। ਇਸ ਦੇ ਨਾਲ ਹੀ ਇਸ ਸਬੰਧੀ ਹੈੱਲਥ ਕੈਨੇਡਾ ਤੇ ਇੰਡੀਜੀਨੀਅਸ ਸਰਵਿਸ ਕੈਨੇਡਾ ਫ਼ਸਟ ਨੇਸ਼ਨ, ਇਨੁਇਟ ਤੇ ਮੈਟੀਜ਼ ਦੇ ਨਾਲ ਮਿਲ ਕੇ ਕੰਮ ਰਹੇ ਹਨ। ਇਹ ਕੈਨੇਡਾ ਦੀ 'ਹੈੱਲਥੀ ਈਟਿੰਗ ਸਟਰੈਟਿਜੀ' ਦਾ ਅਨਿੱਖੜਵਾਂ ਅੰਗ ਹੈ ਜਿਸ ਦਾ ਮਕਸਦ ਸਾਰੇ ਕੈਨੇਡਾ-ਵਾਸੀਆਂ ਲਈ ਪੌਸ਼ਟਿਕ ਖਾਣੇ ਦੀ ਚੋਣ ਕਰਨਾ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ,"ਅਸੀਂ ਜਾਣਦੇ ਹਾਂ ਕਿ ਪੌਸ਼ਟਿਕ ਖਾਣਾ ਸਾਡੀ ਸਮੁੱਚੀ ਸਿਹਤ, ਖ਼ਾਸ ਤੌਰ 'ਤੇ ਡਾਇਬੇਟੀਜ਼ ਵਰਗੀ ਘਾਤਕ ਬੀਮਾਰੀ ਨਾਲ ਲੜਨ ਲਈ ਕਿੰਨਾ ਜ਼ਰੂਰੀ ਹੈ। ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਇਸ ਨਵੀਂ ਫੂਡ ਗਾਈਡ ਵਿਚ ਕੌਮੀ-ਪੱਧਰ 'ਤੇ ਲੋਕਾਂ ਨਾਲ ਹਫ਼ਤਾ-ਭਰ ਚੱਲੀ ਗੱਲਬਾਤ ਦੇ ਬਹੁਤ ਸਾਰੇ ਅੰਸ਼ ਸ਼ਾਮਲ ਕੀਤੇ ਗਏ ਹਨ। ਮੈਂ ਜਾਣਦੀ ਹਾਂ ਕਿ ਇਹ ਮਹੱਤਵਪੂਰਨ ਗਾਈਡ ਕੈਨੇਡਾ-ਵਾਸੀਆਂ ਨੂੰ ਸਹੀ ਖਾਣ-ਪਾਨ ਅਤੇ ਸਿਹਤਮੰਦ ਜੀਵਨ ਜਿਉਣ ਲਈ ਸਹਾਈ ਹੋਵੇਗੀ।"




## ਆਸਟਰੇਲੀਆਈ ਭਾਰਤੀ ਕਮਿਊਨਿਟੀ ਲੀਡਰ ਵਜੋਂ ਨਾਮਣਾ ਖੱਟ ਰਹੀ ਨੀਲਮ ਰਾਏ ਢੀਂਗਰਾ



ਨੀਲਮ ਰਾਏ ਢੀਂਗਰਾ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਉਟ ਮੋਰੀਅਨ ਨਾਲ ਇੱਕ ਪਾਰਟੀ ਮੀਟਿੰਗ ਸਮੇਂ ਗੱਲਬਾਤ ਕਰਦਿਆਂ

ਬਰਨਾਲਾ, 31 ਜਨਵਰੀ (ਕਰਨਪ੍ਰੀਤ ਧੰਦਰਾਲ): ਆਸਟਰੇਲੀਆਈ ਭਾਰਤੀ ਕਮਿਊਨਿਟੀ ਲੀਡਰ ਵਜੋਂ ਨਾਮਣਾ ਖੱਟ ਰਹੀ *ਨੀਲਮ ਰਾਏ ਢੀਂਗਰਾ* ਜਿੱਥੇ ਸਬ ਵਰਗਾਂ ਲ ਮਜਬੂਤੀ ਨਾਲ ਜੁਟੇ ਹੋਏ ਹੁਣ ਉੱਥੇ ਖਾਸ ਕਰਕੇ ਭਾਰਤੀਆਂ ਕਮਿਊਨਿਟੀ ਲਈ ਮਜ਼ਬੂਤ ਆਵਾਜ਼ ਦੇ ਰੂਪ ਵਿਚ ਖੜ੍ਹੇ ਹਨ, ਮੇਲਬੋਰਨ ਵਿਚ ਆਪਣੇ ਪਰਿਵਾਰ ਨਾਲ ਰਹਿਣ ਵਾਲੇ ਨੀਲਮ ਆਸਟ੍ਰੇਲੀਅਨ ਫੁਟਬਾਲ ਲੀਗ (ਐੱਫ.ਐੱਲ) ਰਿਚਮੰਡ ਟਾਈਗਰ ਲਈ ਇਕ ਬਹੁ-ਸੱਭਿਆਚਾਰਕ ਰਾਜਦੂਤ ਹੈ ਉਸ ਦੇ ਪਿਤਾ ਇਕ ਰਿਟ-ਾਇਰ ਭਾਰਤੀ ਫੌਜੀ ਅਫ਼ਸਰ, ਹੋਣ ਕਾਰਨ ਅਨੁਸ਼ਾਸਨ ਵਿਚ ਪ੍ਰੇਰਿਤ ਅਤੇ ਛੋਟੀ ਉਮਰ ਤੋਂ ਮਜ਼ਬੂਤ ਪਰਿਵਾਰਕ ਕਦਰਾਂ ਕੀਮਤਾਂ, ਨਾਲ ਹੀ ਉਸ ਦੇ ਦੇਸ਼ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਇੱਕ ਸਿਰਜਣਾਤਮਕ ਪ੍ਰੇਰਨਾ ਹੈ ਨੀਲਮ ਰਾਏ ਢੀਂਗਰਾ ਵਲੋਂ ਸ਼ੁਰੂ ਕੀਤੇ ਨਿਰਯਾਤ ਕਾਰੋਬਾਰ ਦੇ ਮਾਲਕ ਵਜੋਂ ਕੀਤਾ ਤਜ਼ਰਬਾ ਬਹੁਤ ਸਫਲ ਰਿਹਾ ਹੈ ਨੀਲਮ ਨੇ ਸਰਗਰਮ ਰੂਪ ਵਿਚ ਔਰਤਾਂ ਲਈ ਆਰਥਿਕ ਸ਼ਕਤੀਕਰਨ ਅਤੇ ਬੇਘਰੇਪਣ ਦਾ ਅੰਤ ਕਰਨ ਦਾ ਸੰਕਲਪ ਲੈ ਕੇ ਆਸਟ੍ਰੇਲੀਆ ਦੀ ਪਹਿਲੀ ਪਹਿਲੀ ਮਹਿਲਾ ਔਰਤ ਹੋਣ ਦਾ ਮਾਣ ਹਾਸਿਲ ਹੈ ਜਿੰਨਾ ਦਿਨ ਰਾਤ ਇਕ ਕਰਦਿਆਂ ਬੇਘਰੇ ਲੋਕਾਂ ਨੂੰ ਸਿਰ ਤੇ ਛੱਤ ਦੇਣ ਅਤੇ ਹੋਰ ਮੁਸਕਲਾਂ ਘੱਟ ਕਰਨ ਲਈ ਹੱਲ ਅਤੇ ਜਨੂੰਨ ਹੈ ਨੀਲਮ ਰਾਏ ਆਪਣੇ ਪਤੀ ਦੇ ਸਹਿਜੋਗ ਸਦਕਾ ਪਿਛਲੇ ਕੁਝ ਸਾਲਾਂ ਤੋਂ ਮੈਲਬਰਨ ਵਿਚ ਆਪਣਾ ਕਾਰੋਬਾਰ ਬ ਸੁਬੂ ਤੇ ਸਫਲਤਾ ਨਾਲ ਬੁਲੰਦੀਆਂ ਤੇ ਲਿਆਂਦਾ ਹੈ ਉਹ ਕਹਿੰਦੇ ਹਨ ਕਿ ਇਕ ਔਰਤ ਉਦਯੋਗਪਤੀ ਹੋਣ ਦੇ ਲਗਭਗ ਇਕੋ ਮਹਿਲਾ ਸਿਆਸਤਦਾਨ ਹੋਣ ਦੇ ਨਾਲ ਹੀ ਹੁੰਦਾ ਹੈ, ਮੈਂ ਵਿਕਟੋਰੀਆ ਵਿਚ ਭਾਰਤੀ ਆਸਟ੍ਰੇਲੀਆਈ ਕਮਿਊਨਿਟੀ ਦੀ ਨਜ਼ਰ ਨਾਲ ਹਾਂ ਪੱਖੀ ਬਦਲਾਅ ਕਰਨਾ ਚਾਹੁੰਦ ਹਾਂ ਉਹ ਸਿਰਜਣਾਤਮਕ ਸਮਾਜਿਕ ਤੇ ਲੋਕ ਭਲਾਈ ਆਸਟ੍ਰੇਲੀਆ ਮੁਹਿੰਮ ਦੇ ਸੰਸਥਾਪਕ ਅਤੇ ਪ੍ਰਧਾਨ ਵੀ ਹਨ ਜੋ ਮੁਸ਼ਕਲ ਸਥਿਤੀਆਂ ਦੇ ਕਾਰਨ ਲੋਕਾਂ ਦੀ ਮਦਦ ਕਰਦਾ ਹੈ ਨੀਲਮ ਰਾਏ ਢੀਂਗਰਾ ਅਨੁਸ-ਾਰ ਮੈਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹਾਂ ਕਿ ਆਸਟ੍ਰੇਲੀਆ ਵ੍ਹਿਚ ਹਰੇਕ ਵਿਅਕਤੀ ਦੇ ਸਿਰ ਤੇ ਛੱਤ ਤੇ ਪੇਟ ਭਰ ਖਾਣਾ ਹੋਵੇ।

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ: 905.247.0193

148-2960 Drew Road, Mississauga ON L4T 0A5 | Harcharan S. Grover

# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

ਹਮਬੋਲਟ ਬਰੌਂਕੋਸ ਹਾਦਸਾ:

## ਜਸਕੀਰਤ ਦੀ ਮੁਆਫੀ ਸਨਮੁਖ ਪੀੜਤਾਂ ਦਾ ਦੁੱਖ ਅਤੇ ਮੁਆਫੀ ਦਾ ਜਜ਼ਬਾ

''ਮੈਂ ਉਸਨੂੰ ਮੁਆਫ ਕਰਦੀ ਹਾਂ ਕਿਉਂਕਿ ਮੈਨੂੰ ਪਤਾ ਸੀ ਕਿ ਉਸਨੂੰ (ਜਸਕੀਰਤ ਸਿੰਘ ਸਿੱਧੂ) ਮੁਆਫ ਕਰ ਦੇਣਾ ਚਾਹੀਦਾ ਹੈ ਅਤੇ ਮੈਂ ਇਹ ਵੀ ਜਾਣਦੀ ਸੀ ਕਿ ਮੇਰੇ ਪਤੀ ਡਾਰਸੀ ਹੌਗਨ ਨੇ ਵੀ ਇਹੀ ਚਾਹਿਆ ਹੋਣਾ ਸੀ ਕਿ ਮੁਆਫੀ ਕਰ ਦਿੱਤਾ ਜਾਵੇ। ਮੇਰੀ ਈਸਾਈ ਧਰਮ ਦੀ ਸਿੱਖਿਆ ਵੀ ਇਹੀ ਦੱਸਦੀ ਹੈ ਕਿ ਮੁਆਫ਼ ਕਰਨਾ ਮਨੁੱਖਤਾ ਦਾ ਸੱਭ ਤੋਂ ਵੱਡਾ ਗੁਣ ਹੁੰਦਾ ਹੈ। ਮੈਂ ਇਹ ਵੀ ਜਾਣਦੀ ਹਾਂ ਕਿ ਜਸਕੀਰਤ ਤੋਂ ਗਲਤੀ ਨਾਲ ਮਨੁੱਖਤਾ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਪਰ ਉਸਨੇ ਇਹ ਜਾਣਬੁੱਝ ਕੇ ਨਹੀਂ ਕੀਤਾ। ਮੇਰੇ ਵੱਲੋਂ ਮੁਆਫ ਕਰਨ ਦਾ ਇੱਕ ਕਾਰਣ ਇਹ ਵੀ ਹੈ ਕਿ ਹੋਈਆਂ ਗਲਤੀਆਂ ਕਾਰਣ ਮੈਨੂੰ ਵੀ ਲੋਕਾਂ ਨੇ ਕਈ ਵਾਰ ਮੁਆਫ ਕੀਤਾ ਹੈ''।

ਉਪਰੋਕਤ ਕੁੱਝ ਸ਼ਬਦ ਹਨ ਕ੍ਰਿਸਟੀਨਾ ਹੌਗਨ ਦੇ ਜਿਸਦਾ 42 ਸਾਲਾ ਪਤੀ ਸਸਕੈਚਨ ਵਿੱਚ 6 ਅਪਰੈਲ 2018 ਨੂੰ ਸਸਕੈਚਵਨ ਵਿੱਚ ਹੋਏ ਉਸ ਟਰੱਕ-ਬੱਸ ਹਾਦਸੇ ਵਿੱਚ ਮਾਰਿਆ ਗਿਆ ਸੀ ਜਿਸ ਵਿੱਚ ਜਸਕੀਰਤ ਸਿੱਧੂ ਦਾ ਟਰੱਕ ਸ਼ਾਮਲ ਸੀ। ਜਸਕੀਰਤ ਦੇ ਟੱਰਕ ਨਾਲ ਹਾਦਸੇ ਵਿੱਚ 16 ਵਿਅਕਤੀਆਂ ਦੀ ਮੌਤ ਅਤੇ 13 ਸਖ਼ਤ ਜਖ਼ਮੀ ਹੋ ਗਏ ਸਨ। ਇਹਨਾਂ ਵਿੱਚ ਜ਼ਿਆਦਾਤਰ ਹਮਬੋਲਟ ਬਰੌਂਕੋਸ ਜੂਨੀਅਰ ਆਈਸ ਹਾਕੀ ਟੀਮ ਦੇ ਮੈਂਬਰ ਸਨ। ਕ੍ਰਿਸਟੀਨਾ ਦਾ ਪਤੀ ਡਾਰਸੀ ਟੀਮ ਦਾ ਮੁੱਖ ਕੋਚ ਸੀ।

ਜਸਕੀਰਤ ਸਿੱਧੂ ਨੂੰ ਸਜ਼ਾ ਸੁਣਾਉਣ ਦੀ ਪ੍ਰਕਿਰਿਆ ਵਿੱਚ ਆਪਣੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਦਿੱਤੇ ਬਿਆਨਾਂ (statement of victims) ਦੇ ਹਿੱਸੇ ਵਜੋਂ ਕ੍ਰਿਸਟੀਨਾ ਨੇ ਉਪਰੋਕਤ ਸ਼ਬਦ ਆਖੇ ਸਨ। ਹੋਰ ਪੀੜਤਾਂ ਨੇ ਆਪੋ ਆਪਣੇ ਦੁੱਖ ਦਾ ਇਜ਼ਹਾਰ ਕਰਨ ਲਈ ਦਿਲ ਹਿਲਾ ਦੇਣ ਵਾਲੇ ਬਿਆਨ ਦਿੱਤੇ। ਜਿਹਨਾਂ ਦੇ ਬੱਚੇ ਅਤੇ ਪਰਿਵਾਰਕ ਜੀਅ ਜੱਗ ਤੋਂ ਚਲੇ ਗਏ ਹਨ, ਉਹਨਾਂ ਦੇ ਦੁੱਖ ਨੂੰ ਸਮਝਿਆ ਜਾ ਸਕਦਾ ਹੈ। ਪਰ ਇਸ ਸਾਰੇ ਦੁਖਦਾਈ ਕਾਂਡ ਵਿੱਚ ਵੀ ਜੋ ਦੋ ਗੱਲਾਂ ਮਨੁੱਖਤਾ ਲਈ ਰੁਸ਼ਨਾਈ ਕਰਦੀਆਂ ਹਨ, ਉਹ ਹਨ ਕ੍ਰਿਸਟੀਨਾ ਵਰਗੇ ਲੋਕਾਂ ਦਾ ਮੁਆਫ਼ ਕਰਨ ਦੇ ਰੱਬੀ ਸਿਧਾਂਤ ਵਿੱਚ ਦ੍ਰਿੜ ਯਕੀਨ ਅਤੇ ਜਸਕੀਰਤ ਵੱਲੋਂ ਆਪਣੇ ਗੁਨਾਹ ਨੂੰ ਬਿਨਾ ਕਿਸੇ ਲਾਗ-ਲਪੇਟ ਤੋਂ ਕਬੂਲ ਕਰਨਾ। ਜਸਕੀਰਤ ਨੂੰ ਇਸ ਦੋਸ਼ ਲਈ ਜੱਜ ਵੱਲੋਂ ਮਾਰਚ ਵਿੱਚ ਵੱਧ ਤੋਂ ਵੱਧ 14 ਸਾਲ ਦੀ ਸਜ਼ਾ ਸੁਣਾਈ ਜਾ ਸਕਦੀ ਹੈ ਪਰ ਸਰਕਾਰੀ ਵਕੀਲ 10 ਸਾਲ ਸਜ਼ਾ ਕੀਤੇ ਜਾਣ ਦੀ ਮੰਗ ਕਰ ਰਹੇ ਹਨ।

ਮਹਿਜ਼ 29 ਕੁ ਸਾਲ ਦੇ ਜਸਕੀਰਤ ਦੇ ਗੁਨਾਹ ਕਬੂਲਣ ਦੀ ਗੱਲ ਬਾਰੇ ਜ਼ਿਕਰ ਕਰਨ ਤੋਂ ਪਹਿਲਾਂ ਦੱਸਣਾ ਬਣਦਾ ਹੈ ਕਿ ਉਹ 5 ਕੁ ਸਾਲ ਪਹਿਲਾਂ ਹੀ ਕੈਨੇਡਾ ਆਇਆ ਸੀ। 17 ਮਾਰਚ 2018 ਨੂੰ ਉਸਨੇ ਟਰੱਕ ਡਰਾਈਵਿੰਗ ਦਾ ਲਾਇਸੈਂਸ ਲਿਆ ਅਤੇ ਮਹਿਜ਼ 20 ਕੁ ਦਿਨ ਬਾਅਦ ਉਸ ਹੱਥੋਂ ਇਹ ਭਿਆਨਕ ਹਾਦਸਾ ਹੋ ਗਿਆ। ਵੇਖਿਆ ਜਾਵੇ ਤਾਂ ਮਿਰਤਕਾਂ ਦੇ ਨਾਲ 2 ਇਹ ਨੌਜਵਾਨ ਖੁਦ ਵੀ ਜਿਉਂਦੇ ਜੀਅ ਮਾਰਿਆ ਗਿਆ ਹੈ। ਉਸ ਵੱਲੋਂ ਆਪਣੇ ਗੁਨਾਹ ਨੂੰ ਕਬੂਲਣਾ ਇਸ ਲਈ ਅਹਿਮ ਹੈ ਕਿਉਂਕਿ ਇਸ ਕੇਸ ਬਾਰੇ ਜਾਣਕਾਰੀ ਰੱਖਣ ਵਾਲਿਆਂ ਦਾ ਮੰਨਣਾ ਹੈ ਕਿ ਕਾਫੀ ਮੁੱਦੇ ਸਨ ਜਿਹਨਾਂ ਨੂੰ ਆਧਾਰ ਬਣਾ ਕੇ ਜਸਕੀਰਤ ਖੁਦ ਨੂੰ ਬੇਦੋਸ਼ਾ ਸਾਬਤ ਕਰਨ ਲਈ ਕੇਸ ਲੜ ਸਕਦਾ ਸੀ। ਖਾਸ ਕਰਕੇ ਸੁਪਰੀਮ ਕੋਰਟ ਵਿੱਚ 'ਬੀ ਸੀ' ਵਾਸੀ ਬੀਅਟੀ (Beatty) ਦਾ ਕੇਸ ਦਾ ਸਹਾਰਾ ਲੈ ਕੇ ਜਿਸ ਹੱਥੋਂ ਬਿਲਕੁਲ ਜਸਕੀਰਤ ਵਰਗੇ ਹਾਲਾਤਾਂ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਬੀਅਟੀ ਨੂੰ ਸੁਪਰੀਮ ਕੋਰਟ ਨੇ ਇਸ ਆਧਾਰ ਉੱਤੇ ਰਿਹਾਅ ਕਰ ਦਿੱਤਾ ਸੀ ਕਿ ਗਲਤੀ ਬੱਸ 'ਇੱਕ ਪਲ ਵਿੱਚ ਦਿਮਾਗ ਦੀ ਉਲਝਣ' ਕਾਰਣ ਹੋਈ ਸੀ।

ਪਰ ਜਸਕੀਰਤ ਕਿਸੇ ਵੀ ਆਡੰਬਰ ਦਾ ਸਹਾਰਾ ਨਾ ਕੇ ਸਮੂਹ ਪੀੜਤ ਪਰਿਵਾਰਾਂ ਦੇ ਦੁੱਖ ਨੂੰ ਹੋਰ ਲੰਮਾ ਲਟਕਾਉਣ ਦੇ ਗੁਨਾਹ ਤੋਂ ਬਰੀ ਹੋ ਗਿਆ ਹੈ। ਜੇ ਕੇਸ ਸੁਪਰੀਮ ਕੋਰਟ ਤੱਕ 5-7 ਸਾਲ ਵੀ ਚੱਲਦਾ ਤਾਂ ਉੱਨਾ ਹੀ ਸਮਾਂ ਪਰਿਵਾਰਾਂ ਨੂੰ ਆਪਣੇ ਪਿਆਰਿਆਂ ਦੀਆਂ ਯਾਦਾਂ ਨੂੰ ਅਦਾਲਤ ਦੀ ਕੌੜੀ ਕਾਰਵਾਈ ਦੇ ਲੈਂਜ਼ ਵਿੱਚੋਂ ਵੇਖਣਾ ਪੈਂਦਾ। ਖੁਦ ਨੂੰ ਬੇਦੋਸ਼ਾ ਸਾਬਤ ਕਰਨ ਲਈ ਉਸਨੂੰ ਬਹੁਤ ਗੱਲਾਂ ਘੜਨੀਆਂ ਪੈਂਦੀਆਂ ਜਿਹਨਾਂ ਨਾਲ ਪੀੜਤ ਪਰਿਵਾਰਾਂ ਦਾ ਮਾਨਕਿਸ ਬੋਝ ਦਿਨ ਬ ਦਿਨ ਵੱਧਣਾ ਸੀ। ਵੈਸੇ ਵੀ ਪਰਵਾਸੀ ਹੋਣ ਕਾਰਣ ਕੈਨੇਡਾ ਭਰ ਦੇ ਮੀਡੀਆ ਵਿੱਚ ਸਮੁੱਚੇ ਪਰਵਾਸੀ ਭਾਈਚਾਰੇ ਬਾਰੇ ਇੱਕ ਵੱਖਰਾ ਅਕਸ ਪੈਦਾ ਹੋਣਾ ਸੀ।

ਸ਼ਾਇਦ ਇਹੀ ਕਾਰਣ ਹੈ ਕਿ ਨੈਸ਼ਨਲ ਪੋਸਟ ਦੀ ਪ੍ਰਸਿੱਧ ਕਾਲਮ ਨਵੀਸ ਕ੍ਰਿਸਟੀ ਬਲੈਚਫੋਰਡ ਤੋਂ ਲੈ ਕੇ ਵਾਟਰਲੂ ਰੀਜਨਲ ਰਿਕਾਰਡ ਦੇ ਸਾਬਕਾ ਐਡੀਟਰ ਐਲਨ ਕੋਟਸ ਤੋਂ ਲੈ ਕੇ ਹਮਬੋਲਟ ਬਰੌਂਕੋਂਸ ਟੀਮ ਦੇ ਮਾਰੇ ਗਏ ਮੁੱਖ ਕੋਚ ਦੀ ਪਤਨੀ ਕ੍ਰਿਸਟੀਨਾ ਤੱਕ ਸਾਰੇ ਜਸਕੀਰਤ ਦੀ ਸਪੱਸ਼ਟਤਾ ਦੀ ਸਿਫ਼ਤ ਕਰਦੇ ਹਨ। ਕ੍ਰਿਸਟੀ ਬਲੈਚਫੋਰਡ ਤਾਂ ਇੱਥੇ ਤੱਕ ਲਿਖਦੀ ਹੈ ਕਿ ਜਿਹਨਾਂ ਸਮਿਆਂ ਵਿੱਚ ਇੱਕ ਔਰਤ ਪੱਤਰਕਾਰ ਨਾਲ ਕੀਤੇ ਗਲਤ ਵਿਹਾਰ ਨੂੰ 'ਇੱਕ ਪਲ ਦੀ ਗਲਤੀ' ਆਖ ਕੇ ਸਾਡੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੱਕ ਵੀ ਮੁਆਫੀ ਨਹੀਂ ਮੰਗਦੇ, ਉਹਨਾਂ ਸਮਿਆਂ ਵਿੱਚ ਜਸਕੀਰਤ ਦੀ ਗੁਨਾਹ ਕਬੂਲਣ ਦੀ ਦਿਆਨਦਾਰੀ ਮਨੁੱਖਤਾ ਵਿੱਚ ਮੌਜੂਦ ਚੰਗੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕਰਦੀ ਹੈ।

## ਸੁਪਰੀਮ ਕੋਰਟ ਨੇ ਕਾਰਤੀ ਚਿਦੰਬਰਮ ਨੂੰ ਆਖਿਆ: ਕਾਨੂੰਨ ਨਾਲ ਖਿਲਵਾੜ ਨਾ ਕਰੋ

ਨਵੀਂ ਦਿੱਲੀ, 31 ਜਨਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸ ਨੇਤਾ ਪੀ ਚਿਦੰਬਰਮ ਦੇ ਬੇਟੇ ਕਾਰਤੀ ਚਿਦੰਬਰਮ ਨੂੰ ਸੁਪਰੀਮ ਕੋਰਟ ਨੇ ਅਦਾਲਤ ਵਿੱਚ 10 ਕਰੋੜ ਰੁਪਏ ਜਮ੍ਹਾਂ ਕਰਵਾਉਣ ਦੀ ਸ਼ਰਤ 'ਤੇ ਵਿਦੇਸ਼ ਯਾਤਰਾ 'ਤੇ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਦੇ ਨਾਲ ਅਦਾਲਤ ਨੇ ਕਾਰਤੀ ਨੂੰ ਕਾਨੂੰਨ ਨਾਲ ਖਿਲਵਾੜ ਨਾ ਕਰਨ ਤੇ ਜਾਂਚ 'ਚ ਸਹਿਯੋਗ ਕਰਨ ਦੀ ਹਦਾਇਤ ਕਰਦਿਆਂ ਆਈ ਐਨ ਐਕਸ ਮੀਡੀਆ ਅਤੇ ਏਅਰਸੈਲ ਮੈਕਸਿਸ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਸਾਹਮਣੇ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਾਰਤੀ ਚਿਦੰਬਰਮ ਨੂੰ ਕਿਹਾ ਕਿ ਉਹ 10 ਫਰਵਰੀ ਤੋਂ 26 ਫਰਵਰੀ ਤੱਕ ਜਿਥੇ ਜਾਣਾ ਚਾਹੁੰਦਾ ਹੈ ਜਾਵੇ, ਪਰ ਪੁੱਛਗਿੱਛ 'ਚ ਸਹਿਯੋਗ ਜ਼ਰੂਰ ਕਰੇ। ਇਸ ਦੇ ਨਾਲ ਬੈਂਚ ਨੇ ਕਾਰਤੀ ਦੇ ਵਕੀਲ ਨੂੰ ਕਿਹਾ ਕਿ ਉਹ ਆਪਣੇ ਕਲਾਈਂਟ ਨੂੰ ਦੱਸਣ ਕਿ ਉਸ ਨੂੰ ਜਾਂਚ 'ਚ ਸਹਿਯੋਗ ਕਰਨਾ ਹੋਵੇਗਾ। ਅਜੇ ਤੱਕ ਤੁਸੀਂ ਸਹਿਯੋਗ ਨਹੀਂ ਕੀਤਾ, ਅਸੀਂ ਬਹੁਤ ਕੁਝ ਕਹਿਣਾ ਚਾਹੁੰਦੇ ਹਾਂ, ਜੋ ਅਜੇ ਨਹੀਂ ਕਹਿ ਰਹੇ। ਸੁਪਰੀਮ ਕੋਰਟ ਨੇ ਕਾਰਤੀ ਨੂੰ ਅਦਾਲਤ ਦੇ ਰਜਿਸਟਰਾਰ ਜਨਰਲ ਕੋਲ 10 ਕਰੋੜ ਰੁਪਏ ਜਮ੍ਹਾਂ ਕਰਵਾਉਣ ਦੇ ਨਾਲ ਜਾਂਚ ਵਿੱਚ ਸਹਿਯੋਗ ਕਰਨ ਦਾ ਲਿਖਤੀ ਭਰੋਸਾ ਦੇਣ ਲਈ ਵੀ ਕਿਹਾ ਹੈ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਈ ਡੀ ਨੂੰ ਉਹ ਤਰੀਕ ਦੱਸਣ ਲਈ ਕਿਹਾ ਸੀ ਜਦੋਂ ਉਹ ਕਾਰਤੀ ਤੋਂ ਪੁੱਛਗਿੱਛ ਕਰਨਾ ਚਾਹੁੰਦੀ ਹੈ।







## ਪੀਲ ਪੁਲਿਸ ਦੇ ਮੈਂਬਰ ਵਜੋਂ ਅੱਜ ਸੰਹੁ ਚੁੱਕਣਗੇ ਰੌਨ ਚੱਠਾ

...ਪੰਨਾ 1 ਦਾ ਬਾਕੀ

ਇਸ ਮੌਕੇ ਰੌਨ ਚੱਠਾ ਨੇ ਆਖਿਆ ਕਿ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਨੂੰ ਪੀਲ ਰੀਜਨ ਵਿੱਚ ਰਹਿਣ, ਕੰਮ ਕਰਨ ਤੇ ਆਪਣੇ ਪਰਿਵਾਰ ਨੂੰ ਪਾਲਣ ਦਾ ਮੌਕਾ ਮਿਲਿਆ, ਜੋ ਉਨ੍ਹਾਂ ਲਈ ਸੁਭਾਗ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਹੁਣ ਆਪਣੀ ਕਮਿਊਨਿਟੀ ਲਈ ਕੁੱਝ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਆਖਿਆ ਕਿ ਬੋਰਡ ਤੇ ਚੀਫ ਆਫ ਪੁਲਿਸ ਨਾਲ ਕੰਮ ਕਰਨ ਲਈ ਉਹ ਤਾਂਘਵਾਨ ਹਨ ਤੇ ਉਹ ਇਹ ਯਕੀਨ ਦਿਵਾਉਂਦੇ ਹਨ ਕਿ ਪੀਲ ਰੀਜਨ ਨੂੰ ਸੁਰੱਖਿਅਤ ਰੱਖਣਗੇ ਤੇ ਰਹਿਣ ਲਈ ਮਿਆਰੀ ਥਾਂ ਬਣਾਉਣਗੇ।

## ਬੀਸੀ ਜ਼ਿਮਨੀ ਚੋਣ ਐੱਨਡੀਪੀ ਨੇ ਜਿੱਤੀ

...ਪੰਨਾ 1 ਦਾ ਬਾਕੀ

ਲਿਬਰਲਾਂ ਕੋਲ 42 ਸੀਟਾਂ ਹਨ ਤੇ ਇੱਕ ਆਜ਼ਾਦ ਮੈਂਬਰ ਹੈ ਤੇ ਉਹ ਵਿਧਾਨਸਭਾ ਦਾ ਸਪੀਕਰ ਹੈ। ਹੌਰਗਨ ਨੇ ਮੰਨਿਆ ਕਿ ਇਹ ਜ਼ਿਮਨੀ ਚੋਣਾਂ ਉਨ੍ਹਾਂ ਦੀ ਸਰਕਾਰ ਲਈ ਪ੍ਰੋਵਿੰਸ਼ੀਅਲ ਤੇ ਲੋਕਲ ਟੈਸਟ ਸੀ। ਉਨ੍ਹਾਂ ਆਖਿਆ ਕਿ ਇਸ ਜਿੱਤ ਦਾ ਭਾਵ ਇਹ ਹੈ ਕਿ ਅਸੀਂ ਜਿਨ੍ਹਾਂ ਮੁੱਦਿਆਂ ਉੱਤੇ ਚੋਣ ਮੁਹਿੰਮ ਚਲਾਈ ਉਹ ਬਿਲਕੁਲ ਸਹੀ ਹੈ। ਹੈਲਥ ਕੇਅਰ, ਸਿੱਖਿਆ, ਹਾਊਸਿੰਗ ਆਦਿ ਉਹ ਮਸਲੇ ਹਨ ਜਿਨ੍ਹਾਂ ਬਾਰੇ ਲੋਕ ਗੱਲਾਂ ਕਰਦੇ ਹਨ। ਐਨਡੀਪੀ ਉਮੀਦਵਾਰ ਸ਼ੀਲਾ ਮੈਲਕੌਮਸਨ ਨੇ ਬੀਸੀ ਦੇ ਲਿਬਰਲ ਉਮੀਦਵਾਰ ਟੋਨੀ ਹੈਰਿਸ ਨੂੰ 1900 ਵੋਟਾਂ ਨਾਲ ਹਰਾਇਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਲਿਬਰਲ ਪਾਰਟੀ ਦੀ ਇਸ ਵਾਰੀ ਹੋਣ ਵਾਲੀ ਜਿੱਤ ਨਾਲ ਵਿਧਾਨ ਸਭਾ ਵਿੱਚ ਸੱਤਾ ਦਾ ਸੰਤੁਲਨ ਵਿਗੜ ਜਾਣਾ ਸੀ ਤੇ ਹੌਰਗਨ ਦੀ ਸਰਕਾਰ ਨੂੰ ਨਵੀਂ ਦਿੱਕਤ ਖੜ੍ਹੀ ਹੋ ਜਾਣੀ ਸੀ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282
Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਅਗਸਤਾ ਹੈਲੀਕਾਪਟਰ ਕੇਸ ਵਿੱਚ ਦੋ ਹੋਰ ਦੋਸ਼ੀਆਂ ਦੀ ਭਾਰਤ ਨੂੰ ਹਵਾਲਗੀ

ਨਵੀਂ ਦਿੱਲੀ, 31 ਜਨਵਰੀ (ਪੋਸਟ ਬਿਊਰੋ)- ਕਰੀਬ 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਵੀ ਵੀ ਆਈ ਪੀ ਹੈਲੀਕਾਪਟਰ ਘੋਟਾਲੇ ਦੇ ਦਲਾਲ ਕ੍ਰਿਸ਼ਚੀਅਨ ਮਿਸ਼ੇਲ ਦੀ ਹਵਾਲਗੀ ਪਿੱਛੋਂ ਭਾਰਤ ਨੂੰ ਦੋ ਹੋਰ ਕਾਮਯਾਬੀਆਂ ਮਿਲੀਆਂ ਹਨ। ਇਸ ਘੋਟਾਲੇ ਦੇ ਦੋ ਹੋਰ ਦੋਸ਼ੀ ਰਾਜੀਵ ਸਕਸੈਨਾ ਅਤੇ ਦੀਪਕ ਤਲਵਾੜ ਨੂੰ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਨੇ ਭਾਰਤ ਹਵਾਲੇ ਕਰ ਦਿਤਾ ਹੈ। ਬਾਕੀ ਕਾਰਵਾਈ ਭਾਰਤ ਵਿੱਚ ਹੋਵੇਗੀ।

ਜਾਣਕਾਰ ਸੂਤਰਾਂ ਮੁਤਾਬਕ ਆਈ ਜੀ ਰੈਂਕ ਦੇ ਇੱਕ ਅਫਸਰ ਦੀ ਅਗਵਾਈ ਵਿੱਚ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੀ ਇੱਕ ਟੀਮ, ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਫਸਰ ਤੇ ਰਾਅ ਦੇ ਅਫਸਰਾਂ ਦੀ ਇੱਕ ਟੀਮ ਨੇ ਇਸ ਕੰਮ ਨੂੰ ਸਿਰੇ ਚਾੜ੍ਹਿਆ ਹੈ। ਇਹ ਜਾਂਚ ਏਜੰਸੀਆਂ ਬੀਤੀ ਦੇਰ ਰਾਤ ਵੇਲੇ ਵੀ ਵੀ ਆਈ ਪੀ ਹੈਲੀਕਾਪਟਰ ਘੋਟਾਲੇ ਦੇ ਦੋਸ਼ੀ ਰਾਜੀਵ ਸਕਸੈਨਾ ਅਤੇ ਕਾਰਪੋਰੇਟ ਲਾਬੀਸਟ ਦੀਪਕ ਤਲਵਾੜ ਨੂੰ ਦੁਬਈ ਤੋਂ ਭਾਰਤ ਲੈ ਕੇ ਆਈਆਂ ਹਨ। ਇਥੇ ਪਹੁੰਚਦੇ ਸਾਰ ਇਨ੍ਹਾਂ ਦੋਵਾਂ ਨੂੰ ਭਾਰਤੀ ਜਾਂਚ ਏਜੰਸੀਆਂ ਨੇ ਗ੍ਰਿਫਤਾਰ ਕਰ ਲਿਆ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਯੂ ਏ ਈ ਨੇ ਇਸ ਹੈਲੀਕਾਪਟਰ ਸੌਦੇ ਦੇ ਇੱਕ ਦਲਾਲ ਬ੍ਰਿਟਿਸ਼ ਨਾਗਰਿਕ ਕ੍ਰਿਸ਼ਚੀਅਨ ਮਿਸ਼ੇਲ ਨੂੰ ਭਾਰਤ ਦੇ ਹਵਾਲੇ ਕੀਤਾ ਸੀ। ਕੱਲ੍ਹ ਦੇਰ ਰਾਤ ਰਾਜੀਵ ਸਕਸੈਨਾ ਅਤੇ ਇਸ ਕੇਸ ਵਿੱਚ ਕਾਰਪੋਰੇਟ ਲਾਬੀਸਟ ਦੀਪਕ ਤਲਵਾੜ ਨੂੰ ਵੀ ਭਾਰਤ ਲਿਆਂਦਾ ਗਿਆ ਹੈ। ਇਸ ਤੋਂ ਪਹਿਲਾਂ ਦੁਬਈ ਵਿੱਚ ਰਹਿਣ ਵਾਲੇ ਬਿਜਨਸਮੈਨ ਰਾਜੀਵ ਸਕਸੈਨਾ ਦੀ ਜ਼ਮਾਨਤ ਪਟੀਸ਼ਨ ਦੇ ਜਵਾਬ ਵਿੱਚ ਈ ਡੀ ਨੇ ਪਿਛਲੇ ਸਾਲ ਦਸੰਬਰ ਵਿੱਚ ਅਦਾਲਤ ਨੂੰ ਦੱਸਿਆ ਸੀ ਵਾਰ-ਵਾਰ ਕਹੇ ਜਾਣ ਦੇ ਬਾਅਦ ਵੀ ਦੋਸ਼ੀ ਜਾਂਚ ਵਿੱਚ ਸ਼ਾਮਲ ਨਹੀਂ ਹੋਇਆ। ਇਸ ਲਈ ਦੁਬਈ ਤੋਂ ਉਸ ਦੀ ਹਵਾਲਗੀ ਲਈ ਕਿਹਾ ਗਿਆ ਸੀ। ਪਿਛਲੇ ਸਾਲ ਛੇ ਅਕਤੂਬਰ ਨੂੰ ਦਿੱਲੀ ਦੀ ਇੱਕ ਅਦਾਲਤ ਨੇ ਰਾਜੀਵ ਸਕਸੈਨਾ ਦੇ ਖਿਲਾਫ ਗੈਰ ਜ਼ਮਾਨਤੀ ਵਾਰੰਟ ਕੱਢਿਆ ਸੀ। ਉਸ ਦਾ ਨਾਂਅ ਉਸ ਦੀ ਪਤਨੀ ਸ਼ਿਵਾਨੀ ਦੇ ਖਿਲਾਫ ਦਾਖਲ ਚਾਰਜਸ਼ੀਟ ਵਿੱਚ ਆਇਆ ਹੈ। ਉਸ ਦੀ ਪਤਨੀ ਨੂੰ ਈ ਡੀ ਨੇ ਗ੍ਰਿਫਤਾਰ ਕੀਤਾ ਸੀ ਅਤੇ ਉਹ ਜ਼ਮਾਨਤ 'ਤੇ ਹੈ।

## ਕੈਨੇਡੀਅਨਾਂ ਨੂੰ ਗੁੰਮਰਾਹ ਕਰਨ ਦੀ ਟਰੂਡੋ ਸਰਕਾਰ ਦੀ ਕੋਸ਼ਿਸ਼ ਦਾ ਪਰਦਾਫਾਸ਼ ਕਰਦੇ ਰਹਾਂਗੇ : ਰੈਂਪਲ

...ਪੰਨਾ 1 ਦਾ ਬਾਕੀ

ਰੈਂਪਲ ਨੇ ਆਖਿਆ ਕਿ ਅਰਜ਼ੀਆਂ ਦੀ ਗਿਣਤੀ ਵਧਾ ਕੇ ਅਸਲ ਵਿੱਚ ਟਰੂਡੋ ਬੈਕਲੌਗ ਖੜ੍ਹਾ ਕਰ ਰਹੇ ਹਨ। ਉਡੀਕ ਸੂਚੀ ਵਿੱਚ ਨਾਂ ਆਉਣ ਦਾ ਮਤਲਬ ਕੈਨੇਡਾ ਵਿੱਚ ਪਹੁੰਚ ਹੋਣਾ ਨਹੀਂ ਹੁੰਦਾ ਤੇ ਕੈਨੇਡੀਅਨਜ਼ ਅਤੇ ਨਿਊਕਮਰਜ਼ ਇਸ ਤੋਂ ਕਿਤੇ ਬਿਹਤਰ ਦੀ ਉਮੀਦ ਕਰਦੇ ਹਨ। ਉਨ੍ਹਾਂ ਆਖਿਆ ਕਿ ਪਿਛਲੀ ਕੰਜ਼ਰਵੇਟਿਵ ਸਰਕਾਰ ਤਹਿਤ ਅਸੀਂ ਹਰ ਸਾਲ 20,000 ਤੋਂ 25,000 ਪੇਰੈਂਟਸ ਤੇ ਗ੍ਰੈਂਡਪੇਰੈਂਟਸ ਨੂੰ ਪਰਮਾਨੈਂਟ ਰੈਜ਼ੀਡੈਂਸੀ ਮੁਹੱਈਆ ਕਰਵਾਈ। ਜਸਟਿਨ ਟਰੂਡੋ ਇਸ ਨੰਬਰ ਵਿੱਚ ਵਾਧਾ ਨਹੀਂ ਕਰ ਸਕੇ। ਇਸ ਦੀ ਥਾਂ ਉੱਤੇ ਉਨ੍ਹਾਂ ਗੈਰਕਾਨੂੰਨੀ ਤੌਰ ਉੱਤੇ ਸਰਹੱਦ ਪਾਰ ਕਰਨ ਵਾਲੇ ਸੈਂਕੜੇ ਲੋਕਾਂ ਨੂੰ ਤਰਜੀਹ ਦਿੱਤੀ।

ਰੈਂਪਲ ਨੇ ਆਖਿਆ ਕਿ ਪਿਛਲੇ ਸਾਲ ਟਰੂਡੋ ਨੇ ਲਾਟਰੀ ਸਿਸਟਮ ਸ਼ੁਰੂ ਕਰਕੇ ਨਵਾਂ ਤਜ਼ਰਬਾ ਕੀਤਾ ਸੀ ਤੇ ਇਸ ਸਾਲ ਉਹ ਬਿਨੈਕਾਰਾਂ ਨੂੰ ਸਪਾਂਸਰਸ਼ਿਪ ਫਾਰਮ ਭਰਨ ਲਈ ਸਿਰਫ 10 ਮਿੰਟ ਦਾ ਸਮਾਂ ਦੇ ਰਹੇ ਹਨ। ਕੈਨੇਡੀਅਨਜ਼ ਜਾਣਦੇ ਹਨ ਕਿ ਇਹ ਸਹੀ ਨਹੀਂ ਹੈ। ਰੈਂਪਲ ਨੇ ਆਖਿਆ ਕਿ ਇਸ ਲਈ ਕੰਜ਼ਰਵੇਟਿਵ ਟਰੂਡੋ ਸਰਕਾਰ ਦੀ ਜਵਾਬਦੇਹੀ ਤੈਅ ਕਰਨੀ ਜਾਰੀ ਰੱਖਣਗੇ ਤੇ ਜਨਤਾ ਨੂੰ ਗੁੰਮਰਾਹ ਕਰਨ ਦੀ ਟਰੂਡੋ ਸਰਕਾਰ ਦੀ ਕੋਸ਼ਿਸ਼ ਤੋਂ ਵੀ ਪਰਦਾਫਾਸ਼ ਕਰਦੇ ਰਹਿਣਗੇ।

## ਵੀਰਭੱਦਰ ਕੇਸ ਵਿੱਚ ਇੱਕ ਹੋਰ ਜੱਜ ਸੁਣਵਾਈ ਤੋਂ ਵੱਖ ਹੋ ਗਿਆ

ਨਵੀਂ ਦਿੱਲੀ, 31 ਜਨਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਵਿਰੁੱਧ ਆਮਦਨ ਦੇ ਜਾਣੂ ਸੋਮਿਆਂ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਅਤਿਅੰਤ ਨਾਟਕੀ ਘਟਨਾਚੱਕਰ ਦੌਰਾਨ ਇੱਕ ਹਫਤੇ ਅੰਦਰ ਦਿੱਲੀ ਹਾਈ ਕੋਰਟ ਦੇ ਇੱਕ ਹੋਰ ਜੱਜ ਨੇ ਪਤੀ-ਪਤਨੀ ਦੇ ਵਕੀਲ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਇਸ ਦੀ ਸੁਣਵਾਈ ਤੋਂ ਖੁਦ ਨੂੰ ਕੱਲ੍ਹ ਵੱਖ ਕਰ ਲਿਆ।

ਮਿਲੀ ਜਾਣਕਾਰੀ ਅਨੁਸਾਰ ਜਸਟਿਸ ਨਜ਼ਮੀ ਵਜ਼ੀਰੀ ਨੇ ਵੀਰਭੱਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਦੇ ਵਕੀਲ ਦੀ ਤਿੱਖੀ ਖਿਚਾਈ ਕੀਤੀ, ਜੋ ਵਾਰ ਵਾਰ ਇਹ ਕਹਿ ਕੇ ਮਾਮਲੇ ਦੀ ਸੁਣਵਾਈ ਕੁਝ ਦੇਰ ਬਾਅਦ ਕਰਨ 'ਤੇ ਜ਼ੋਰ ਦੇ ਰਹੇ ਸਨ ਕਿ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਇਸ ਕੇਸ ਵਿੱਚ ਪੇਸ਼ ਹੋਣਾ ਚਾਹੁੰਦੇ ਹਨ, ਜੋ ਇਸ ਸਮੇਂ ਦੂਜੀ ਅਦਾਲਤ ਵਿੱਚ ਰੁੱਝੇ ਹੋਏ ਹਨ। ਇਸ ਤੋਂ ਨਾਰਾਜ਼ ਹੋ ਕੇ ਜਸਟਿਸ ਵਜ਼ੀਰੀ ਨੇ ਕਿਹਾ ਕਿ ਮੇਰੇ ਅੱਗੇ ਕਿਸੇ ਨਾਂਅ ਦਾ ਜ਼ਿਕਰ ਨਾ ਕਰੋ। ਇਹ ਕੇਸ ਕੋਈ ਨਿੱਜੀ ਆਜ਼ਾਦੀ ਨਾਲ ਜੁੜਿਆ ਹੋਇਆ ਨਹੀਂ। ਵਕੀਲ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਕਹਿਣਾ ਕੀ ਹੈ ਅਤੇ ਕੀ ਨਹੀਂ ਕਹਿਣਾ, ਮੈਂ ਇਸ ਕੇਸ ਦੀ ਸੁਣਵਾਈ ਨਹੀਂ ਕਰਾਂਗਾ। ਕਿਸੇ ਹੋਰ ਬੈਂਚ ਕੋਲ ਸੂਚੀਬੱਧ ਕਰ ਦਿੱਤਾ ਜਾਏ। ਇਸ ਉੱਤੇ ਇੱਕ ਹੋਰ ਸੀਨੀਅਰ ਵਕੀਲ ਨੇ ਸਾਰੇ ਘਟਨਾ ਚੱਕਰ ਲਈ ਮੁਆਫੀ ਮੰਗ ਲਈ। ਵਰਨਣ ਯੋਗ ਹੈ ਕਿ ਪਿਛਲੇ ਹਫਤੇ ਜਸਟਿਸ ਮੁਕਤਾ ਗੁਪਤਾ ਨੇ ਵੀ ਆਪਣੇ-ਆਪ ਨੂੰ ਵੱਖ ਕਰ ਲਿਆ ਸੀ।

## ਨਸ਼ਿਆਂ ਦੇ ਖਾਤਮੇ ਲਈ ਪਿੰਡ ਪੱਧਰ 'ਤੇ ਚਲਾਈ ਜਾ ਰਹੀ ਹੈ ਜਾਗਰੂਕਤਾ ਮੁਹਿੰਮ : ਡਿਪਟੀ ਕਮਿਸ਼ਨਰ

ਫਰੀਦਕੋਟ, 31 ਜਨਵਰੀ (ਗਿਆਨ ਸਿੰਘ): ਸਮਾਜ ਵਿੱਚੋਂ ਨਸ਼ਿਆਂ ਦੇ ਜੜ੍ਹੋਂ ਖਾਤਮੇ ਲਈ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੁਲੀਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਿੰਡ ਅਤੇ ਬਲਾਕ ਪੱਧਰ ਤੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ, ਜਿਸ ਵਿਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ । ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਰਾਜੀਵ ਪਰਾਸ਼ਰ ਨੇ ਦਿੱਤੀ।

ਡਿਪਟੀ ਕਮਿਸ਼ਨਰ ਸ੍ਰੀ ਰਾਜੀਵ ਪਰਾਸ਼ਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਰਾਜ ਦੇ ਵਿੱਚ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫਰੀਦਕੋਟ ਜ਼ਿਲ੍ਹੇ ਵਿੱਚ ਸਿਵਲ ਪ੍ਰਸ਼ਾਸਨ ਵੱਲੋਂ ਪੁਲੀਸ ਤੇ ਹੋਰ ਵਿਭਾਗਾਂ ਦੇ ਸਹਿਯੋਗ ਦੇ ਨਾਲ ਵੱਡੀ ਪੱਧਰ ਤੇ ਪਿੰਡ ਅਤੇ ਬਲਾਕ ਪੱਧਰ ਤੇ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਤਿੰਨ ਬਲਾਕਾਂ ਫ਼ਰੀਦਕੋਟ , ਕੋਟਕਪੂਰਾ ਅਤੇ ਜੈਤੋ ਦੇ ਪਿੰਡਾਂ ਦੇ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ । ਉਨ੍ਹਾਂ ਅੱਗੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੇ 07 ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਗਏ ਹਨ। ਜਿਨ੍ਹਾਂ ਵਿੱਚ ਸਿਹਤ ਵਿਭਾਗ, ਸਿੱਖਿਆ ਵਿਭਾਗ, ਪੇਂਡੂ ਵਿਕਾਸ ਵਿਭਾਗ ਤੇ ਹੋਰ ਵਿਭਾਗਾਂ ਦਾ ਸਹਿਯੋਗ ਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਵਿਸ਼ਾ ਮਾਹਿਰਾਂ ਵੱਲੋਂ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਸ਼ਨ ਤੰਦਰੁਸਤ ਪੰਜਾਬ ਮੁਹਿੰਮ ਤਹਿਤ ਨਸ਼ਿਆਂ ਦੇ ਸ਼ਿਕਾਰ ਲੋਕਾਂ ਦਾ ਇਲਾਜ ਅਤੇ ਪੁਨਰਵਾਸ ਤੋਂ ਇਲਾਵਾ ਨਸ਼ਾ ਤਸਕਰਾਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ, ਤਾਂ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਉਨ੍ਹਾਂ ਦਾ ਪੁਨਰਵਾਸ ਕੀਤਾ ਜਾ ਸਕੇ ਅਤੇ ਨੌਜਵਾਨ ਸ਼ਕਤੀ ਨੂੰ ਉਸਾਰੂ ਕੰਮਾਂ ਵਿੱਚ ਲਗਾਇਆ ਜਾ ਸਕੇ । ਉਨ੍ਹਾਂ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਸਮਾਜ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੇ ਦੈਂਤ ਨੇ ਆਪਣੀ ਗ੍ਰਿਫਤ ਵਿਚ ਲਿਆ ਹੈ ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਇਹ ਅਹਿਦ ਲਿਆ ਸ਼ਿਆਂ ਦੇ ਕਲੰਕ ਨੂੰ ਸਮਾਜ ਵਿੱਚੋਂ ਜੜ੍ਹ ਤੋਂ ਖਤਮ ਕੀਤਾ ਜਾਵੇ ।ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਜ਼ਿਲ੍ਹੇ ਦੇ ਪਿੰਡਾਂ ਦੇ ਕਲੱਸਟਰ ਬਣਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਸਮਾਜ ਦੇ ਸਾਰੇ ਵਰਗਾਂ ਦਾ ਸਹਿਯੋਗ ਲੋੜੀਂਦਾ ਹੈ। ਉਨ੍ਹਾਂ ਕਿਹਾ ਕਿ ਹਰ ਪਿੰਡ ਸ਼ਹਿਰ, ਗਲੀ, ਮੁਹੱਲੇ ਦੇ ਲੋਕਾਂ ਨੂੰ ਨਸ਼ਾ ਤਸਕਰਾਂ ਵਿਰੁੱਧ ਲਾਮਬੰਦ ਹੋਣਾ ਪਵੇਗਾ ਅਤੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਸਵੈ-ਸੇਵੀ ਸੰਸਥਾਵਾਂ ,ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੀ ਗ੍ਰਿਫਤ ਜਾ ਚੁੱਕੇ ਲੋਕਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਜ਼ਿਲ੍ਹੇ ਦੇ ਨਸ਼ਾ ਛੁਡਾਊ ਕੇਂਦਰਾਂ ਅਤੇ ਓਟ ਸੈਂਟਰਾਂ ਵਿੱਚ ਲੈ ਕੇ ਆਉਣ, ਤਾਂ ਜੋ ਉਨ੍ਹਾਂ ਦਾ ਸਹੀ ਅਤੇ ਮੁਫ਼ਤ ਇਲਾਜ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲੈ ਕੇ ਉਨ੍ਹਾਂ ਦੇ ਪੁਨਰਵਾਸ ਵਾਸਤੇ ਰੁਜ਼ਗਾਰ ਸ਼ੁਰੂ ਕਰਨ ਲਈ ਪੂਰੀ ਮਦਦ ਦਿੱਤੀ ਜਾਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਰੈੱਡ ਕਰਾਸ ਬਿਲਡਿੰਗ ਵਿੱਚ ਬਣੇ ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵਿੱਚ ਨੌਜਵਾਨਾਂ ਦਾ ਮਾਰਗ ਦਰਸ਼ਨ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਸਵੈ ਰੁਜ਼ਗਾਰ ਸ਼ੁਰੂ ਕਰਨ ਲਈ ਵੱਡੀ ਪੱਧਰ ਤੇ ਮਾਰਗ ਦਰਸ਼ਨ ਕੀਤਾ ਜਾ ਰਿਹਾ ਹੈ ।

ਇਸ ਸਬੰਧ ਵਿਚ ਸੀਨੀਅਰ ਪੁਲਿਸ ਕਪਤਾਨ ਸ: ਰਾਜਬਚਨ ਸਿੰਘ ਸੰਧੂ ਫਰੀਦਕੋਟ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸਮਾਜ ਵਿਰੋਧੀ ਕੰਮ ਕਰਨ ਵਾਲੇ ਨਸ਼ਾ ਤਸਕਰਾਂ ਸਬੰਧੀ ਜਾਣਕਾਰੀ ਪੁਲਿਸ ਜਾਂ ਸਿਵਲ ਪ੍ਰਸ਼ਾਸਨ ਨੂੰ ਦੇਣ ਅਤੇ ਜਾਣਕਾਰੀ ਦੇਣ ਵਾਲੇ ਦਾ ਨਾਮ, ਪਤਾ ਬਿਲਕੁਲ ਗੁਪਤ ਰੱਖਿਆ ਜਾਵੇਗਾ ਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨਾਂ ਲੋਕਾਂ ਨੂੰ ਯਕੀਨ ਦਿਵਾਇਆ ਕਿ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਕਿਸੇ ਤਰਾਂ ਦੀ ਵੀ ਕੋਈ ਢਿੱਲ ਨਹੀਂ ਵਰਤੀ ਜਾਵੇਗੀ।



# ੧ੳ ਸਤਿਗੁਰ ਪ੍ਰਸਾਦਿ॥ ਤੇਰਾ ਬੇਦਾਂ ਨੇਂ ਅੰਤ ਨਹੀਂ ਪਾਇਆ, ਬ੍ਰਹਮੇ ਨਾਂ ਤੇਰਾ ਭੇਦ ਜਾਣਦੇ॥੨॥



ਕਰਨੈਲ ਸਿੰਘ ਟੋਰਾਂਟੋ 416-746-7642

ਆਸਾ ਮਹਲਾ ੧ ਪਟੀ ਲਿਖੀ

ਉਥਾਨਕ:- ਪਿਤਾ ਕਾਲੂ ਮਹਿਤਾ ਜੀ ਨੇ, ਗੁਰੂ ਨਾਨਕ ਦੇਵ ਜੀ ਨੂੰ, ਪਾਂਧੇ ਪਾਸ ਪੜ੍ਹਨ ਬਿਠਾਇਆ। ਪਹਿਲੇ ਦਿਨ ਪਿਤਾ ਜੀ ਦੇ ਬਚਨ ਮੰਨਕੇ, ਪਾਂਧੇ ਦੇ ਪਿੱਛੇ-ਪਿੱਛੇ ਪੜ੍ਹੀ ਗਏ। ਜਦੋਂ ਦੂਜੇ ਦਿਨ ਪਾਂਧੇ ਨੇ ਪੱਟੀ ਉੱਤੀ ਅਖਰ ਲਿਖ ਕੇ, ਗੁਰੂ ਜੀ ਨੂੰ ਪੜ੍ਹਨ ਲਈ ਕਿਹਾ ਤਾਂ ਗੁਰੂ ਜੀ ਨੇ ਪਾਂਧੇ ਨੂੰ ਕਿਹਾ, ਇਨ੍ਹਾਂ ਅਖਰਾਂ ਦਾ ਤਾਤ=ਪਰਜ ਵੀ ਜਾਣਦਾ ਹੈਂ ਪਾਂਧਾ ਜੀ। ਪਾਂਧੇ ਨੇ ਕਿਹਾ ਮੈਂ ਇਹਨਾਂ ਅੱਖਰਾਂ ਨੂੰ, ਪੜ੍ਹਨਾਂ ਜਾਂ ਲੱੜਕਿਆਂ ਨੂੰ ਪੜ੍ਹਾਉਣਾ ਹੀ ਜਾਣਦਾ ਹਾਂ। ਤਾਤ=ਪਰਜ ਦਾ ਮੈਨੂ ਗਿਆਨ ਨਹੀਂ ਹੈ। ਇਹ ਗੱਲ ਪਾਂਧੇ ਤੋਂ ਸੁਣਕੇ, ਗੁਰੂ ਨਾਨਕ ਦੇਵ ਜੀ ਨੇ ਭੁਲਾਵੇਂ ਅੱਖਰਾਂ ਦਾ ਸਿਧਾਂਤ, ਪੱਟੀ ਉੱਤੇ ਲਿਖ ਕੇ ਗੋਪਾਲ ਪਾਂਧੇ ਨੂੰ ਸਣਾਉਂਦੇ ਹਨ:-

ਤਥਾ: ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ੍ਕਾ ਸਫਲੁ ਭਇਆ॥

ਅਰਥ:- ਜਿਸ ਪਰਮੇਸ਼ਰ ਨੇ ਇਹ ਸ੍ਰਿਸ਼ਟੀ ਸਾਜੀ ਹੈ, ਉਹੀ ਇਕ ਸਾਰੇ ਜੀਵਾਂ ਦਾ ਮਾਲਕ ਹੈ। ਗੁਰਾਂ ਦੀ ਸੇਵਾ ਵਿੱਚ ਜਿਨ੍ਹਾਂ ਦਾ ਮਨ ਲਗਿਆ ਹੈ, ਉਨ੍ਹਾਂ ਪੁਰਸ਼ਾਂ ਦਾ ਸੰਸਾਰ ਵਿਚ ਆਉਣ ਸਫਲਾ ਹੈ॥

ਤਥਾ: ਮਨ ਕਾਹੇ ਭੂਲੇ ਮੂੜ ਮਨਾ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥
(ਪੰਨਾ ੪੩੨)

ਅਰਥ:- ਹੇ ਮੂਰਖ ਮਨਾ=ਸ੍ਰਵਨ, ਮੰਨਨ, ਨਿਧਿਆਮਨ, ਵੱਲੋਂ ਕਿਉ ਭੁੱਲਾ ਫਿਰਦਾ ਹੈਂ, ਹੇ ਭਾਈ=ਬੀਰਾ ਜਦੋਂ ਤੈਥੋਂ ਲੇਖਾ ਮੰਗਿਆ ਧਰਮ ਰਾਜੇ ਨੇਂ। ਉਦੋਂ ਤੈਨੂੰ ਪਤਾ ਲੱਗੇਗਾ ਪੜ੍ਹਿਆਂ ਦਾ ਅਤੇ ਅੱਨਪੜ੍ਹਿਆਂ ਦਾ। ਉਥੇ ਪੀ. ਐਚ. ਡੀ ਨਹੀਂ ਜਾਂਦੀ। ਉਥੇ ਕੇਵਲ ਬ੍ਰਹਮ ਵਿਦਿਆ ਹੀ ਜਾਂਦੀ ਹੈ।

ਤਥਾ: ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਪੰਨਾ ੧੩੩

ਨੋਟ:- ਸ੍ਰੀ ਗੁਰੁ ਨਾਨਕ ਦੇਵ ਜੀ ਨੇ, ਇਹ ਵਿਦਿਆ ਪੜ੍ਹੀ ਨਹੀਂ। ਤਾਂ ਹੀ ਦੁਨੀਆਂ ਵਾਲਿਆਂ ਨੂੰ ਸਮਝਾ ਕੇ ਗਏ ਹਨ। ਦਰਅੱਸਲ, ਦੁਨਿਆਵੀ ਵਿੱਦਿਆ ਪੜ੍ਹਨ ਤੋਂ ਰੋਕਿਆ ਸੀ। ਪਰ ਸੋਚਣਾ ਬਣਦਾ ਹੈ ਕਿ ਅਸੀਂ ਆਪਣੇ ਗੁਰੂ ਦੇਵ ਦੇ ਹੁਕਮ ਨੂੰ ਮੰਨਿਆ ਹੈ ਜਾਂ ਨਹੀਂ। ਬਚਨ ਮੰਨਣ ਵਾਲੇ ਨੂੰ ਖੁਸ਼ੀਆਂ ਬੱਖਸਣਗੇ, ਗੁਰੂ ਸਾਹਿਬ ਜੀ। ਮਨ ਮੁੱਖਾਂ ਨੂੰ ਨਹੀਂ ਬੱਖਸ਼ਦੇ। ਗੁਰੂ ਸਾਹਿਬ ਦੇ ਪੁਤ੍ਰਾਂ ਸ੍ਰੀ ਚੰਦ ਜੀ ਛੋਟੇ ਪੁਤ੍ਰ ਲਖਮੀਂ ਚੰਦ ਜੀ ਨੇ ਹੁਕਮ ਨਹੀਂ ਮੰਨਿਆ। ਭਾਈ ਲੈਹਣਾਂ ਜੀ ਬਾਹਰੋ ਆਕੇ ਹੁੰਕਮ ਮੰਨਦੇ ਰਹੇ, ਹੁੱਕਮ ਮੰਨਕੇ ਸ਼ੱਤ ਬਚਨ ਦੇ ਅਧਿਗਾਰੀ ਹੋ ਕੇ, ਦੂਸਰੇ ਗੁਰੂ ਬਣ ਗਏ। ਆਪੋ ਆਪਣੇ ਮਨਾਂ ਵਿਚ ਨਿੰਗਾ ਦੱੜਾ ਕੇ ਦੇਖੋ, ਹੁਕਮ ਮੰਨਦੇ ਹਾਂ, ਜਾਂ ਗੁਰੁ ਨਾਲ ਲੁਕ ਮਚੀਚਾਂ ਖੇਡੀਆਂ ਹਨ, ਗੁਰੁ ਨਾਲ ਝੂਠ ਬੋਲ ਕੇ ਉੱਲੂ ਸਿੱਧਾ ਕੀਤਾ ਹੈ।

ਮਾਨੈ ਹੁਕਮੁ ਸਭੇ ਗੁਣ ਗਿਆਨ॥ ਨਾਨਕ ਦਰਗਹ ਪਾਵੈ ਮਾਨੁ॥
(ਪੰਨਾ ੯੪੪)

ਅਰਥ:- ਗੁਰਾ ਦੇ ਦਿੱਤੇ ਬਚਨਾਂ ਤੇ ਪਹਿਰਾ ਦੇਣਾ, ਪ੍ਰਮਾਤਮਾ ਨੂੰ ਯਾਦ ਕਰਨਾ।

ਭਾਵ:- ਸਿਮਰਨ ਕਰਨਾ ਗੁਰਾਂ ਦੇ ਦਿੱਤੇ ਸ਼ਬਦ ਦਾ, ਉਸ ਸਿੱਖ ਨੂੰ ਸਾਰੇ ਗੁੁਣ ਪ੍ਰਾਪਤ ਹੁੰਦੇ ਹਨ। ਸਤ, ਸੰਤੋਖ, ਗਿਆਨ, ਧਿਆਨ ਆਦਿਕ। ਇਹਨਾਂ ਗੁਣਾਂ ਕਰਕੇ ਪ੍ਰਮਾਤਮਾਂ ਦੀ ਕ੍ਰਿਪਾ ਹੁੰਦੀ ਹੈ, ਕ੍ਰਿਪਾ ਹੋਣ ਕਰਕੇ ਸੌਖਾ ਹੀ ਭੱਵਜਲ ਤੋਂ ਪਾਰ ਹੋ ਜਾਂਦਾ ਹੈ ਜੀਵ। ਬੈਕੁੰਠ ਭਵਨ ਦਾ ਆਨੰਦ ਮਾਣਦਾ ਹੈ।

ਪਾਉੜੀ॥ ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ॥
ਜੋ ਹੁਕਮੁ ਨ ਬੁਝੇ ਖਸਮ ਕਾ ਸੋਈ ਨਰੁ ਕਚਾ॥

(ਪੰਨਾ ੧੦੯੪)

ਅਰਥ:- ਪਰਮੇਸ਼ਰ ਆਪ ਹੀ ਜਗਤ ਨੂੰ ਰੱਚਕੇ, ਆਪ ਹੀ ਸਾਰੇ ਜੀਵਾਂ ਦੇ ਕਰਤੱਵਾ ਨੂੰ ਵੇਖਦਾ ਹੈ। ਜੋ ਪੁਰਸ਼ ਖਸਮ (ਗੁਰੂ ਗ੍ਰੰਥ ਸਾਹਿਬ) ਦੇ ਕਹੇ ਹੋਏ ਬਚਨਾਂ ਨੂੰ ਪੜ੍ਹ ਕੇ ਨਹੀਂ ਮੰਨਦਾ, ਉਹ ਪੁਰਸ਼ ਅੱਜੇ ਕੱਚਾ ਹੈ, ਉਸ ਦਾ ਪਾਠ, ਪੂਜਾ ਦਾਨ, ਪੁੰਨ ਸੇਵਾ ਆਦਿਕ ਗੁਰੂ ਪ੍ਰਵਾਨ ਨਹੀਂ ਕਰਦੇ। (ਨਾਮ ਜਪਣ ਵਾਲਾ ਪੁਰਖੁ ਸਤਿਕਾਰ ਸਹਿਤ ਬੈਕੁੰਠ ਨੂੰ ਜਾਂਦਾ ਹੈ)

ਤਥਾ: ਜੇਹੇ ਕਰਮ ਕਮਾਇ ਤੇਹਾ ਹੋਇਸੀ॥
ਅੰਮ੍ਰਿਤ ਹਰਿ ਕਾ ਨਾਉ ਆਪਿ ਵਰਤਾਇ ਸੀ॥
ਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇ ਸੀ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇ ਸੀ॥

(ਪੰਨਾ ੭੩੦)

ਅਰਥ:- ਜੇਹਾ ਕੋਈ ਕਰਮਾ ਕਰੇਗਾ, ਵੈਸਾ ਹੀ ਫਲ ਮਿਲੇਗਾ॥ ਹਰੀ ਦਾ ਜੋ ਨਾਮੁ ਅੰਮ੍ਰਿਤ ਹੈ ਆਪ ਜਪਦਾ ਹੈ, ਹੋਰ ਦੁਨੀਆਂ ਦੇ ਲੋਗਾਂ ਨੂੰ ਵਰਤਾਉਂਦਾ ਹੈ।

ਚਲਿਆ ਪਤਿ ਸਿਉ ਜਨਮ ਸਵਾਰਿ ਵਾਜਾ ਵਾਇ ਸੀ॥
ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇ ਸੀ॥

ਅਰਥ:- ਉਹ ਗੁਰਮੁਖ ਪਿਆਰਾ, ਇੱਜ਼ਤ ਸਤਿਕਾਰ ਸਹਿਤ ਮਨੁੱਖਾ ਜਨਮ ਨੂੰ ਸਵਾਰ ਕੇ ਚੱਲਿਆ ਹੈ। ਬੇਬਾਣਾਂ ਤੇ ਬਿਠਾ ਕੇ ਸਵਰਗ ਲੋਕ ਨੂੰ ਲੈ ਕੇ ਜਾਂਦੇ ਹਨ, ਪਰਮੇਸ਼ਰ ਦੇ ਨਜ਼ਦੀਕੀ ਰਹਿਣ ਵਾਲੇ ਪਾਰਖਦ ਬੇਬਾਣ ਨੂੰ ਚੁੱਕਦੇ ਹਨ। ਸਵਰਗ ਲੋਕ ਦੇ ਗੰਧਰਬ= ਰਾਗੀ ਸੰਗੀਤ ਦੁਆਰਾ ਵਾਜੇ ਨਾਜੇ ਵਜਾਕੇ, ਬੈਕੁੰਠ ਭਵਨ ਵਿਚ ਲੈ ਕੇ ਜਾਂਦੇ ਹਨ। ਜਿੱਥੇ ਵਿਸ਼ਨੂੰ ਭਗਵਾਨ ਸ਼ੱਵਾ ਵਿਚ ਆਕੇ, ਸਭ ਨੂੰ ਦਰਸ਼ਨ ਦਿੰਦੇ ਹਨ। ਉਥੇ ਆਨੰਦ ਹੀ ਆਨੰਦ ਹੈ, ਕਿਤੇ ਦੁੱਖ ਤਕਲੀਫ ਦਾ ਨਾਮੋ ਨਿਸ਼ਾਨ ਨਹੀਂ ਹੈ।

ਤਥਾ: ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ॥

ਸੂਹੀ ਮਹਲਾ ੧॥ (ਪੰਨਾ ੭੩੦)

ਅਰਥ:- ਉਹ ਗੁਰਮੁਖ ਆਪ ਨਿਹਾਲ ਹੋ ਗਿਆ

ਭਾਵ:- ਮੁੱਕਤ ਹੋ ਗਿਆ ਹੈ, ਆਪਣੀਆਂ ਸਾਰੀਆਂ ਕੁੱਲਾਂ ਨੂੰ ਤਾਰਕੇ ਲੈ ਗਿਆ।

ਧਾਰਨਾਂ:- ਆਪ ਤਰਗੇ ਕੁੱਲਾਂ ਨੂੰ ਲੈ ਗਏ ਤਾਰ ਕੇ, ਜਿਨ੍ਹਾਂ ਨੇ ਤੇਰਾ ਨਾਮ ਜੱਪਿਆ॥੨॥
ਅੰਤਰਾ:- ਮੇਰੇ ਪਿਆਰੇ ਜਿਨ੍ਹਾਂ ਨੇ ਤੇਰਾ ਨਾਮੁ ਜੱਪਿਆ॥੨॥
ਧਾਰਨਾਂ:- ਆਪ ਤਰਗੇ ਕੁਲਾਂ ਨੂੰ ਲੈਗੇ ਤਾਰਕੇ, ਜਿਨ੍ਹਾਂ ਨੇ ਤੇਰਾ ਨਾਮ ਜਪਿਆ॥੨॥

ਭੈਰਉ ਮਹਲਾ ੩॥ (ਪੰਨਾ ੧੧੩੩)

ਜਿਸ ਵੇਲੇ ਪ੍ਰਹਿਲਾਦ ਦੀ ਉਮਰ ਪੰਜ ਸਾਲ ਦੀ ਹੋਈ, ਪਿਤਾ ਹਰਨਾਖਸ਼ ਨੇ:- ਸੰਡੇ, ਮਰਕਾ ਦੋ ਉਸਤਾਦਾਂ ਪਾਸ ਪ੍ਰਹਿਲਾਦ ਨੂੰ ਪੜ੍ਹਨ ਬਠਾਇਆ। ਸੰਡੇ ਮਰਕੇ ਨੇ ਪੱਟੀ ਤੇ ਪੰਜ ਅੱਖਰ ਲਿਖ ਕੇ ਦਿੱਤੇ, ਪ੍ਰਹਿਲਾਦ ਨੂੰ ਪੜ੍ਹਨ ਲਈ ਕਿਹਾ।

(ਅੱਗੋਂ ਪ੍ਰਹਿਲਾਦ ਨੇ ਉਸਤਾਦ ਨੂੰ ਕਿਹਾ)

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥
ਦੂਜੈ ਭਾਇ ਫਾਥੇ ਜਮ ਜਾਲਾ॥

ਅਰਥ:- ਹੇ ਉਸਤਾਦ=ਸੰਡਾ ਅੱਤੇ ਮਰਕਾ ਜੀ:- ਮੇਰੀ ਪਟੀਆ ਉੱਤੇ ਹਰੀ ਗੋਬਿੰਦ ਗੋਪਾਲ ਦਾ ਨਾਮ ਲਿਖ ਦਿਓ, ਪ੍ਰਮੇਸ਼ਰ ਦਾ ਨਾਮ ਜੱਪੇ ਤੋਂ ਬਿਨਾਂ, ਜੀਵ ਦਾ ਕਲਿਆਣ ਨਹੀਂ ਹੁੰਦਾ। ਦ੍ਵੈਤ ਭਾਵ ਵਾਲੀ ਦੁਨਿਆਵੀ ਵਿਦਿਆ ਦੇ ਪੜ੍ਹਨ ਨਾਲ, ਮਨੁੱਖ ਪਰਮੇਸ਼ਰ ਵੱਲੋਂ ਵਿਸਰਕੇ, ਜੀਵ ਜਮਾਂ ਦੇ ਜਾਲ ਵਿੱਚ ਫੱਸ ਜਾਂਦਾ ਹੈ। ਮੈਂ ਸਾਸ-ਸਾਸ ਗੋਬਿੰਦ ਭਗਵਾਨ ਦਾ ਨਾਮ ਜੱਪਦਾ ਹਾਂ, ਮੇਰੇ ਪਾਸ ਦੁਨਿਆਵੀ ਵਿਦਿਆ ਜਾਂ ਦੁਨਿਆਵੀ ਧੰਦਿਆਂ ਲਈ ਕੋਈ ਟੈਮ ਨਹੀਂ ਹੈ। ਮੇਰੇ ਗੁਰੂ ਦੇਵ ਨਾਰਦ ਮੁਨੀ ਨੇ ਕਿਹਾ ਸੀ= ਸ੍ਵਾਸ ਸ੍ਵਾਸ ਨਾਮੁ ਜੱਪੀਂ, ਭਗਵਾਨ ਤੇਰੇ ਅੰਗ ਸੰਗ ਹੋਵੇਗਾ, ਤੇਰੇ ਸਾਰੇ ਕਾਰਜ ਆਪ ਕਰੇਗਾ। ਸੰਡੇ ਅਤੇ ਮਰਕੇ, ਦੋਵਾਂ ਉਸਤਾਦਾ ਨੇ ਕਿਹਾ, ਤੇਰੇ ਪਿਤਾ ਹਰਨਾਖਸ਼ ਦੀ ਵਿਸ਼ਨੂੰ ਭਗਵਾਨ ਨਾਲ ਦੁਸ਼ਮਣੀ ਹੈ। ਦੇਵਤਿਆਂ ਨੂੰ ਸ੍ਵਰਗ ਲੋਗ ਚੋਂ ਭੱਜਾ ਕੇ, ਸ੍ਵਰਗ ਲੋਗ ਦੇ ਰਾਜੇ ਇੰਦਰ ਦੀ ਰਾਜ ਗੱਦੀ ਤੇ ਤੇਰਾ ਬਾਪ ਬੈਠਾ ਹੈ। ਹਰਨਾਖਸ਼ ਨੇ ਤਿੰਨਾਂ ਲੋਗਾਂ ਵਿਚ ਢੰਡੋਰਾ ਦਿੱਤਾ ਹੈ, ਕਿ ਭਗਵਾਨ ਦਾ ਨਾਮ ਨਹੀਂ ਲੈਣਾਂ। ਮੇਰਾ ਨਾਮ ਲੈਣਾ ਹੈ, ਜੱਲੇ ਹਰਨਾਖਸ਼ ਥੱਲੇ ਹਰਨਾਖਸ਼ ਕਹੋ। ਹੇ ਪ੍ਰਹਿਲਾਦ ਬੱਚਾ=ਜੇ ਅਸੀਂ ਭਗਵਾਨ ਗੋਬਿੰਦ ਦਾ ਨਾਮ ਲਿਖਾਂਗੇ ਤਾਂ ਤੇਰਾ ਬਾਪ ਜਿਸਦੀ ਤਿੰਨਾਂ ਲੋਕਾਂ ਵਿਚ ਦੁਹਾਈ ਫਿਰੀ ਹੋਈ ਹੈ। ਸਾਨੂੰ ਦੋਵਾਂ ਉਸਤਾਦਾਂ ਨੂੰ ਅਤੇ ਤੈਨੂੰ ਵੀ ਮਾਰ ਦੇਵੇਗਾ।

(ਪ੍ਰਹਿਲਾਦ ਨੇ ਕਿਹਾ)

ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ॥ ਹਰਿ ਸੁਖ ਦਾਤਾ ਮੇਰੈ ਨਾਲਾ॥
ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ॥ ਸਾਸਨਾ ਤੇ ਬਾਲਕੁ ਗਮੁ ਨ ਕਰੈ॥੧॥ ਰਹਾਉ॥
ਭੈਰਉ ਮਹਲਾ ੩॥ (ਪੰਨਾ ੧੧੩੩)

ਅਰਥ:- ਮੇਰਾ ਸਤਿਗੁਰੂ=ਨਾਰਦ ਮੁੰਨੀ ਮੇਰੀ ਪ੍ਰਿਤਪਾਲਾ ਕਰੇਗਾ। ਸੁਖਾਂ ਦਾ ਦਾਤਾ ਪ੍ਰਮੇਸ਼ਰ ਹਰਿ ਵੇਲੇ ਮੇਰੇ ਨਾਲ ਹੈ। ਗੁਰੂ ਨਾਰਦ ਮੁੰਨੀ ਜੀ ਦੇ ਦਿੱਤੇ ਉਪਦੇਸ਼ ਦੁਆਰਾ ਪ੍ਰਹਿਲਾਦ ਹਰੀ ਦਾ ਸਿਮਰਨ ਕਰਦਾ ਹੈ। ਪਿਤਾ ਹਰਨਾਖਸ਼ ਦੀ ਤਾੜਨਾਂ ਦੀ ਪ੍ਰਵਾਹ ਨਹੀਂ ਕਰਦਾ।

(ਪ੍ਰਹਿਲਾਦ ਦੀ ਮਾਤਾ ਕਿਆਦੂ ਦਾ ਹਿਰਦਾ ਕੰਬ ਉਠਿਆ)

(ਗੁਰੂ ਅਮਰ ਦਾਸ ਜੀ:- ਇਸ ਤਰ੍ਹਾਂ ਉਚਾਰਦੇ ਹਨ)

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥

ਅਰਥ:- ਹੇ ਪਿਆਰੇ ਪੁਤ੍ਰ ਪ੍ਰਹਿਲਾਦ, ਰਾਮ ਦਾ ਨਾਮ ਛੱਡ ਕੇ। ਆਪਣੀ ਜੀਅ ਜਾਨ ਨੂੰ ਬਚਾ ਲੈ। ਨਹੀਂ ਤਾਂ ਤੇਰਾ ਪਿਤਾ ਤੈਨੂੰ ਮਾਰ ਦੇਵੇਗਾ।

ਤਥਾ: ਪ੍ਰਹਿਲਦੁ ਕਹੈ ਸੁਨਹੁ ਮੇਰੀ ਮਾਇ॥
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥੨॥

ਅਰਥ:- ਪ੍ਰਹਿਲਾਦ ਨੇ ਕਿਹਾ=ਹੇ ਮੇਰੀ ਮਾਇ, ਕਿਆਦੂ ਜੀ। ਮੈਂ ਰਾਮ ਦਾ ਨਾਮ ਨਹੀਂ ਛੋਡਾਂਗਾ, ਮੈਨੂੰ ਰਾਮ ਦੇ ਨਾਮੁ ਦਾ ਪ੍ਰਤਾਪ, ਮੇਰੇ ਗੁਰੂ ਨਾਰਦ ਮੁਨੀਂ ਨੇ ਸਮਝਾ ਦਿੱਤਾ ਹੈ।

(ਗੁਰੂ ਅਮਰਦਾਸ ਜੀ ਦੱਸਦੇ ਹਨ)

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥

ਭੈਰਉ ਮਹਲਾ ੩॥ (ਪੰਨਾ ੧੧੩੩)

ਅਰਥ:- ਹਾਥ ਖੜਗੁ=ਤਲਵਾਰ ਲੈਕੇ ਹਰਨਾਖਸ਼ ਪ੍ਰਹਿਲਾਦ ਨੂੰ ਕਹਿੰਦਾ ਹੈ, ਤੇਰਾ ਹਰੀ ਕਿੱਥੇ ਹੈ ਉਸ ਨੂੰ ਬਲਾ ਲੈ। ਮੇਰੀ ਤਲਵਾਰ ਪਾਸੋ ਤੈਨੂੰ ਬਚਾ ਲਵੇ।

ਤਥਾ: ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ॥੪॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥

ਅਰਥ:- ਨਰ ਸਿੰਘ ਅਵਤਾਰ ਦੀ ਦੇਹੀ, ਹੇਠੋਂ ਬੰਦੇ ਦੀ ਸੀ। ਉਪਰਲੀ ਅੱਧੀ ਦੇਹੀ ਸ਼ੇਰ ਦੀ ਸੀ। ਆਪਣੀਆਂ ਨਉਂਦ੍ਹਾਂ ਨਾਲ ਪਾੜਿਆ ਸੀ, ਹਰਨਾਖਸ਼ ਹੰਕਾਰੀ ਨੂੰ।

ਤਥਾ: ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥

(ਮਹਲਾ ੩॥ ਪੰਨਾ ੧੦੮੯)

ਅਰਥ:- ਹਰੀ ਭਗਵਾਨ ਨੂੰ ਹੰਕਾਰ ਚੰਗਾ ਨਹੀਂ ਲਗਦਾ, ਇਸ ਗੱਲ ਨੂੰ ਵੇਦ ਸਾਸ਼ਤ੍ਰ, ਕੂਕ-ਕੂਕ ਕੇ ਸੁਣਾਉਂਦੇ ਹਨ।

ਧਾਰਨਾਂ:- ਕੂਕਾਂ ਮਾਰਦੇ ਨੇ ਵੇਦ ਬੀਚਾਰੇ, ਭਉਂਦਾ ਨੀ ਹੰਕਾਰ ਹਰੀ ਨੂੰ॥੨॥
ਅੰਤਰਾ:- ਮੇਰੇ ਪਿਆਰੇ ਜੀ, ਭਾਉਂਦਾ ਨੀ ਹੰਕਾਰ ਹਰੀ ਨੂੰ॥੨॥
ਧਾਰਨਾਂ:- ਕੂਕਾਂ ਮਾਰਦੇ ਨੇ ਬੇਦ ਬੀਚਾਰੇ, ਭਾਉਂਦਾ ਨੀਂ ਹੰਕਾਰ ਹਰੀ ਨੂੰ॥੨॥

ਤੱਥਾ: ਕਲ ਜੁਗ ਮਹਿ ਰਾਮ ਨਾਮੁ ਉਰ ਧਾਰੁ॥
ਬਿਨੁ ਨਾਵੈ ਮਾਥੈ ਪਾਵੈ ਛਾਰੁ॥੧॥
ਮਹਲਾ ੩॥ ਪੰਨਾ ੧੧੨੯)

ਅਰਥ:- ਕਲ ਜੁਗ ਵਿਚ ਰਾਮ ਦੇ ਨਾਮ ਨੂੰ ਹਿਰਦੇ ਅੰਦਰ ਧਾਰਨ ਕਰੋ। ਨਾਮ ਸਿਮਰਨ ਤੋਂ ਬਿਨਾਂ ਦਰਗਾਹ ਵਿਚ ਮਥੇ ਤੇ ਸੁਆ ਪੈਂਦੀ ਹੈ।

ਤਥਾ: ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਿਮੁਖਿ ਫਿਰਿ ਫਿਰਿ ਚੋਟਾ ਖਾਵੈ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥
(ਮਾਰੂ ਮਹਲਾ ੫॥ ਪੰਨਾ ੧੦੭੩)

ਅਰਥ:- ਮਨਮੁਖ ਨੂੰ ਮੁੱਕਤੀ ਨਹੀਂ ਮਿਲਦੀ, ਜਨਮਦਾ ਮਰਦਾ ਰਹਿੰਦਾ ਹੈ। ਜਿੰਨੇ ਨਰਕ ਹਨ, ਸਾਰੇ ਮਨਮੁਖ ਨੂੰ ਭੁਗਧਾਏ ਜਾਂਦੇ ਹਨ। ਗੁਰਮੁਖਾਂ ਨੂੰ ਮਾਸਾ ਜਿੰਨੀ ਤਕਲੀਫ ਨਹੀਂ ਹੁੰਦੀ।

ਦਾਸ:- ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

# ਕੀ ਮਨਜੀਤ ਸਿੰਘ ਜੀਕੇ ਦਾ ਰਾਜਸੀ ਭਵਿਖ ਧੁੰਦਲਾ ਗਿਐ ?



ਜਸਵੰਤ ਸਿੰਘ 'ਅਜੀਤ'

ਦਿੱਲੀ ਦੇ ਰਾਜਸੀ ਹਲਕਿਆਂ ਵਿੱਚ ਚਲ ਰਹੀ ਚਰਚਾ ਅਨੁਸਾਰ ਇਕ ਸੋਚੀ-ਸਮਝੀ ਸਾਜ਼ਿਸ਼ ਦਾ ਸ਼ਿਕਾਰ ਬਣਾ ਜਿਸਤਰ੍ਹਾਂ ਮਨਜੀਤ ਸਿੰਘ ਜੀਕੇ ਨੂੰ ਰਾਜਸੀ ਮੰਚ ਤੋਂ ਪਿਛੇ ਧੱਕ ਦਿੱਤਾ ਗਿਆ ਹੈ, ਉਸਤੋਂ ਖੁਸ਼ ਹੋ ਉਨ੍ਹਾਂ ਦੇ ਕਈ ਵਿਰੋਧੀਆਂ ਵਲੋਂ ਬਗਲਾਂ ਵਜਾਈਆਂ ਜਾ ਰਹੀਆਂ ਹਨ। ਇਸਦਾ ਕਾਰਣ ਇਹ ਹੈ ਕਿ ਉਨ੍ਹਾਂ ਇਹ ਮੰਨ ਲਿਆ ਹੈ ਕਿ ਇਸ ਸਾਜ਼ਸ਼ ਦੇ ਤਹਿਤ ਜੀਕੇ ਦਾ ਰਾਜਸੀ ਭਵਿਖ ਪੂਰੀ ਤਰ੍ਹਾਂ ਧੁੰਦਲਾ ਗਿਆ ਹੈ। ਹੁਣ ਉਹ ਸ਼ਾਇਦ ਹੀ ਸਿੱਖ ਰਾਜਨੀਤੀ ਦੇ ਕਿਸੇ ਮੰਚ ਪੁਰ ਉਭਰ ਸਕਣ। ਇਸਦੇ ਵਿਰੁਧ ਕੁਝ ਅਕਾਲੀਆਂ ਦੀ ਮਾਨਤਾ ਇਹ ਵੀ ਹੈ ਕਿ ਜੋ ਇਹ ਸਮਝ, ਬਗਲਾਂ ਵਜਾ ਰਹੇ ਹਨ ਕਿ ਮਨਜੀਤ ਸਿੰਘ ਜੀਕੇ ਦਾ ਰਾਜਸੀ ਮੰਚ ਤੇ ਹੁਣ ਮੁੜ ਕੇ ਉਭਰ ਪਾਣਾ ਸੰਭਵ ਨਹੀਂ ਰਹਿ ਗਿਆ, ਉਹ ਬਹੁਤ ਵੱਡੇ ਭੁਲੇਖੇ ਵਿੱਚ ਹਨ। ਉਨ੍ਹਾਂ ਅਨੁਸਾਰ ਵਰਤਮਾਨ ਰਾਜਨੈਤਿਕ ਹਾਲਾਤ ਨੇ ਮਨਜੀਤ ਸਿੰਘ ਜੀਕੇ ਨੂੰ ਖਰੇ-ਖੋਟੇ ਦੀ ਪਛਾਣ ਕਰਵਾ ਦਿੱਤੀ ਹੈ। ਉਨ੍ਹਾਂ ਨੂੰ ਪਤਾ ਚਲ ਗਿਆ ਹੈ ਕਿ ਉਹ ਆਪਣੇ ਵਫਾਦਾਰ ਸਾਥੀ ਮੰਨ ਜਿਨ੍ਹਾਂ ਪੁਰ ਅਟੁਟ ਵਿਸ਼ਵਾਸ ਕਰਦੇ ਆ ਰਹੇ ਸਨ, ਅੱਜ ਉਨ੍ਹਾਂ ਵਿਚੋਂ ਕੌਣ-ਕੌਣ ਉਨ੍ਹਾਂ ਨਾਲ ਖੜਾ ਰਹਿ ਗਿਆ ਹੈ ਅਤੇ ਕੌਣ-ਕੌਣ ਉਨ੍ਹਾਂ ਦਾ ਸਾਥ ਛੱਡ ਵਿਰੋਧੀਆਂ ਨਾਲ ਜਾ ਖੜਾ ਹੋਇਆ ਹੈ।

ਕੁਝ ਬਜ਼ੁਰਗ ਅਕਾਲੀ, ਜੋ ਕਿਸੇ ਸਮੇਂ ਦਿੱਲੀ ਦੀ ਸਿੱਖ ਰਾਜਨੀਤੀ ਵਿੱਚ ਬਹੁਤ ਸਰਗਰਮ ਰਹੇ ਸਨ, ਬਦਲੇ ਹਾਲਾਤ ਤੋਂ ਨਿਰਾਸ਼ ਹੋ ਬੀਤੇ ਕਾਫੀ ਸਮੇਂ ਤੋਂ ਸਰਗਰਮ ਰਾਜਨੀਤੀ ਤੋਂ ਪਿਛੇ ਹਟ, ਘਰ ਜਾ ਬੈਠੇ ਹਨ, ਦਸਦੇ ਹਨ ਕਿ ਜ. ਸੰਤੋਖ ਸਿੰਘ ਦਾ ਅਚਾਨਕ ਕਤਲ ਹੋ ਜਾਣ ਤੋਂ ਬਾਅਦ, ਉਨ੍ਹਾਂ ਦੇ ਕੁਝ ਸਾਥੀ ਚਾਹੁੰਦੇ ਸਨ ਕਿ ਜਥੇਦਾਰ ਜੀ ਦੇ ਕੁ-ਸਮੇਂ ਵਿਦਾ ਹੋ ਜਾਣ ਦੇ ਫਲਸਰੂਪ, ਦਿੱਲੀ ਦੀ ਸਿੱਖ ਰਾਜਨੀਤੀ ਵਿੱਚ ਜੋ ਖਲਾਅ ਪੈਦਾ ਹੋਇਆ ਹੈ, ਉਸਨੂੰ ਭਰਨ ਲਈ ਮਨਜੀਤ ਸਿੰਘ ਜੀਕੇ, ਜੋ ਕਿ ਰਾਜਨੀਤੀ ਵਿੱਚ ਦਿਲਚਸਪੀ ਲੈਂਦਿਆਂ ਕਈ ਸਮਾਗਮਾਂ ਵਿੱਚ ਜਥੇਦਾਰ ਜੀ ਨਾਲ ਹੁੰਦੇ ਸਨ, ਨੂੰ ਅਗੇ ਲੈ ਆਂਦਾ ਜਾਏ। ਪ੍ਰੰਤੂ ਮਨਜੀਤ ਸਿੰਘ ਜੀਕੇ ਦੇ ਮਾਤਾ, ਜੋ ਹਰ ਉਤਾਰ-ਚੜ੍ਹਾਅ ਸਮੇਂ ਜਥੇਦਾਰ ਜੀ ਨਾਲ ਖੜੇ ਹੁੰਦੇ ਰਹੇ, ਸਮਝਦੇ ਸਨ ਕਿ ਮਨਜੀਤ ਸਿੰਘ ਅਜੇ ਰਾਜਨੀਤੀ ਵਿੱਚ ਨਿਤ ਸਾਹਮਣੇ ਆਉਣ ਵਾਲੇ ਥਪੇੜਿਆਂ ਦਾ ਸਾਹਮਣਾ ਕਰਨ ਦੇ ਸਮਰਥ ਨਹੀਂ ਹੋ ਸਕਿਆ। ਇਸਲਈ ਉਸਨੂੰ ਸਿੱਖ ਰਾਜਨੀਤੀ ਦੇ ਨਿਤ ਬਦਲਦੇ ਉਤਾਰ-ਚੜ੍ਹਾਵਾਂ ਦਾ ਸਾਹਮਣਾ ਕਰ ਪਾਣ ਦੇ ਸਮਰਥ ਹੋਣ ਵਿੱਚ ਸਮੇਂ ਦੀ ਲੋੜ ਹੈ। ਇਸਲਈ ਉਨ੍ਹਾਂ ਜਥੇਦਾਰ ਜੀ ਤੋਂ ਤੁਰੰਤ ਬਾਅਦ ਹੀ ਉਸਨੂੰ ਰਾਜਸੀ ਪਿੜ ਵਿੱਚ ਉਤਾਰੇ ਜਾਣ ਦੀ ਸੋਚ ਪ੍ਰਤੀ ਸਹਿਮਤੀ ਨਹੀਂ ਦਿੱਤੀ। ਜਦੋਂ ਉਨ੍ਹਾਂ ਵੇਖਿਆ ਕਿ ਜ. ਸੰਤੋਖ ਸਿੰਘ ਦੇ ਜੀਵਨ ਵਿੱਚ ਆਉਂਦੇ ਰਹੇ ਉਤਾਰ-ਚੜ੍ਹਾਵਾਂ ਦੀ ਰੋਸ਼ਨੀ ਵਿੱਚ, ਉਨ੍ਹਾਂ (ਮਾਤਾ) ਵਲੋਂ ਕੀਤੇ ਗਏ ਮਾਰਗ-ਦਰਸ਼ਨ ਦੇ ਫਲਸਰੂਪ ਮਨਜੀਤ ਸਿੰਘ ਰਾਜਸੀ ਪਿੜ ਦੇ ਥਪੇੜਿਆਂ ਦਾ ਸਾਹਮਣਾ ਕਰਨ ਦੇ ਸਮਰਥ ਹੋ ਗਿਐ, ਤਾਂ ਜਾ ਕੇ ਉਨ੍ਹਾਂ ਸਹਿਮਤੀ ਦੇ, ਮਨਜੀਤ ਸਿੰਘ ਜੀਕੇ ਨੂੰ ਰਾਜਸੀ ਪਿੜ ਵਿੱਚ ਉਤਾਰਿਆ। ਉਨ੍ਹਾਂ ਬਜ਼ੁਰਗ ਅਕਾਲੀਆਂ ਦਾ ਦਾਅਵਾ ਹੈ ਕਿ ਇਸ ਕਰਕੇ ਸਵੀਕਾਰ ਕਰ ਲੈਣਾ ਚਾਹੀਦਾ ਹੈ, ਕਿ ਸੂਝਵਾਨ ਮਾਤਾ ਦੇ ਮਾਰਗ ਦਰਸ਼ਨ ਵਿੱਚ ਤਿਆਰ ਹੋਇਆ ਮਨਜੀਤ ਸਿੰਘ ਜੀਕੇ ਜਲਦੀ ਕੀਤੇ ਹਾਰ ਮੰਨਣ ਲਈ ਤਿਆਰ ਨਹੀਂ ਹੋਵੇਗਾ।

ਗਲ ਦਿੱਲੀ ਗੁਰਦੁਆਰਾ ਕਮੇਟੀ ਦੀ ਸਾਖ ਦੀ : ਬੀਤੇ ਲੰਮੇਂ ਸਮੇਂ ਤੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭ੍ਰਿਸ਼ਟਾਚਾਰ ਦੇ ਬਹੁਤ ਹੀ ਗੰਭੀਰ ਦੋਸ਼ਾਂ ਨਾਲ ਜੂਝਦੀ ਚਲੀ ਆ ਰਹੀ ਹੈ, ਭਾਵੇਂ ਇਸ ਸਥਿਤੀ ਵਿਚੋਂ ਉਭਰਨ ਲਈ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗੁਰਦੁਆਰਾ ਪ੍ਰਬੰਧ ਵਿਚੋਂ ਬਾਹਰ ਕਰ, ਨਵੇਂ ਸਿਰੇ ਤੋਂ ਪ੍ਰਬੰਧਕੀ ਜ਼ਿਮੇਂਦਾਰੀਆਂ ਦੀ ਵੰਡ ਕਰ ਦਿੱਤੀ ਗਈ ਹੈ ਅਤੇ ਕਮੇਟੀ ਦੇ ਨਵ-ਨਿਯੁਕਤ ਮੁੱਖ ਸਲਾਹਕਾਰ ਕੁਲਵੰਤ ਸਿੰਘ ਬਾਠ ਨੇ ਵਿਸ਼ਵਾਸ ਦੁਆਇਆ ਹੈ ਕਿ ਗੁਰਦੁਆਰਾ ਪ੍ਰਬੰਧ ਵਿੱਚ ਪੂਰੀ ਤਰ੍ਹਾਂ ਪਾਰਦਰਸ਼ਿਤਾ ਲਿਆਂਦੀ ਜਾਇਗੀ, ਫਿਰ ਵੀ ਅਜਿਹੀ ਕੋਈ ਸੰਭਾਵਨਾ ਵਿਖਾਈ ਨਹੀਂ ਦੇ ਰਹੀ ਜਿਸਦੇ ਚਲਦਿਆਂ ਇਹ ਸਵੀਕਾਰ ਕਰ ਲਿਆ ਜਾਏ ਕਿ ਗੁਰਦੁਆਰਾ ਪ੍ਰਬੰਧ ਵਿੱਚ ਕੀਤਾ ਗਿਆ ਇਹ ਬਦਲਾਉ, ਛੇਤੀ ਕੀਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੁਰੀ ਤਰ੍ਹਾਂ ਡਿਗ ਚੁਕੀ ਸਾਖ ਵਿੱਚ ਕੋਈ ਵਰਣਨਯੋਗ ਸੁਧਾਰ ਲਿਆਉਣ ਵਿੱਚ ਸਫਲ ਹੋ ਜਾਇਗਾ! ਇਸਦਾ ਕਾਰਣ ਇਹ ਮੰਨਿਆ ਜਾਂਦਾ ਹੈ ਕਿ ਗੁਰਦੁਆਰਾ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਦਾ ਮੀਡੀਆ ਵਿੱਚ ਜਿਸਤਰ੍ਹਾਂ ਪ੍ਰਚਾਰ ਹੋਇਆ ਹੈ, ਉਸ ਨਾਲ ਆਮ ਸਿੱਖਾਂ ਵਿੱਚ ਹੀ ਨਹੀਂ, ਸਗੋਂ ਗੈਰ-ਸਿੱਖਾਂ ਵਿੱਚ ਵੀ ਇਹ ਸੰਦੇਸ਼ ਚਲਾ ਗਿਆ ਹੈ ਕਿ ਗੁਰਦੁਆਰਾ ਕਮੇਟੀ ਵਿੱਚ ਫੈਲੇ ਭ੍ਰਿਸ਼ਟਾਚਾਰ ਲਈ ਕੋਈ ਇੱਕ ਵਿਅਕਤੀ ਨਹੀਂ, ਸਗੋਂ ਸਮੁਚੇ ਰੂਪ ਵਿੱਚ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰ ਜ਼ਿਮੇਂਦਾਰ ਹਨ। ਕੋਈ ਇਹ ਮੰਨਣ ਲਈ ਤਿਆਰ ਨਹੀਂ ਕਿ ਗੁਰ-ਦੁਆਰਾ ਕਮੇਟੀ ਵਿੱਚ ਕਥਤ ਰੂਪ ਵਿੱਚ ਇਤਨੇ ਵੱਡੇ ਪੈਮਾਨੇ ਪੁਰ ਫੈਲੇ ਭ੍ਰਿਸ਼ਟਾਚਾਰ ਲਈ ਕੋਈ ਇੱਕ ਅਹੁਦੇਦਾਰ ਹੀ ਜ਼ਿੰਮੇਂਦਾਰ ਹੋ ਸਕਦਾ ਹੈ। ਆਮ ਲੋਕਾਂ ਵਿੱਚ ਅਜਿਹੇ ਸੰਦੇਸ਼ ਦੇ ਚਲਿਆਂ ਜਾਣ ਕਾਰਣ, ਕਿਸੇ ਵੀ ਤਰ੍ਹਾਂ ਸੰਭਵ ਨਹੀਂ ਜਾਪਦਾ ਕਿ ਕਿਸੇ ਇੱਕ ਵਿਅਕਤੀ ਅਤੇ ਉਸਦੇ ਸਾਥੀਆਂ ਨੂੰ ਪ੍ਰਬੰਧ ਵਿਚੋਂ ਬਾਹਰ ਕਰਕੇ ਕਮੇਟੀ ਦੀ ਡਿਗੀ ਸਾਖ ਨੂੰ ਬਹਾਲ ਕਰ, ਪਟੜੀ ਪੁਰ ਲਿਆਂਦਾ ਜਾ ਸਕੇਗਾ।

ਸ਼੍ਰੋਮਣੀ ਅਕਾਲੀ ਦਲ ਇਤਿਹਾਸ ਬਣਨ ਜਾ ਰਿਹੈ?: ਬੀਤੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਪੈਦਾ ਹੋਏ ਸੰਕਟ-ਪੂਰਣ ਹਾਲਾਤ ਦੇ ਲਗਾਤਾਰ ਵਿਗੜਦਿਆਂ ਚਲਿਆਂ ਆਉਣ ਦੇ ਕਾਰਣ, ਆਮ ਸਿੱਖਾਂ ਵਿੱਚ ਚਲ ਰਹੀ ਚਰਚਾ ਵਿੱਚ ਬਾਰ-ਬਾਰ ਇਹ ਸੁਆਲ ਪੁਛਿਆ ਜਾਣ ਲਗਾ ਹੈ ਕਿ ਕੀ ਨੇੜ-ਭਵਿਖ ਵਿੱਚ ਸ਼੍ਰੋਮਣੀ ਅਕਾਲੀ ਦਲ ਇਤਿਹਾਸ ਦਾ ਇੱਕ 'ਕਾਂਡ' ਹੀ ਬਣ ਕੇ ਰਹਿ ਜਾਇਗਾ? ਇਸ ਸੁਆਲ ਦੇ ਬਾਰ-ਬਾਰ ਉਠਣ ਦਾ ਕਾਰਣ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇੱਕ ਪਾਸੇ ਤਾਂ ਟਕਸਾਲੀ 'ਤੇ ਸੀਨੀਅਰ ਅਕਾਲੀ ਮੁੱਖੀ, ਜੋ ਸੁਖਬੀਰ ਸਿੰਘ ਬਾਦਲ ਨੂੰ ਦਲ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਨਾ ਮੰਨੇ ਜਾਣ ਕਾਰਣ, ਬਾਦਲ ਅਕਾਲੀ ਦਲ ਨਾਲੋਂ ਨਾਤਾ ਤੋੜ ਚੁਕੇ ਹਨ, ਸ਼੍ਰੋਮਣੀ ਅਕਾਲੀ ਦਲ ਨੂੰ ਉਸਦੀਆਂ ਮੂਲ ਮਾਨਤਾਵਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਪਟੜੀ ਪੁਰ ਲਿਆਣ ਲਈ ਸੰਘਰਸ਼ ਕਰਨ ਵਿੱਚ ਜੁਟ ਗਏ ਹਨ, ਤਾਂ ਜੋ ਅਕਾਲੀ ਦਲ ਦੀ ਸਥਾਪਨਾ ਦੇ ਨਾਲ ਹੀ ਉਸਦੇ ਸੰਵਿਧਾਨ ਵਿੱਚ ਗੁਰਧਾਮਾਂ ਵਿੱਚ ਸਥਾਪਤ ਧਾਰਮਕ ਮਰਿਆਦਾਵਾਂ, ਮਾਨਤਾਵਾਂ ਅਤੇ ਪਰੰਪਰਾਵਾਂ ਦੇ ਪਾਲਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਣ ਅਤੇ ਇਸਦੇ ਸੰਗਠਨ ਦਾ ਗਠਨ ਪੂਰੀ ਤਰ੍ਹਾਂ ਲੋਕਤਾਂਤ੍ਰਿਕ ਮਾਨਤਾਵਾਂ ਦੇ ਅਧਾਰ ਪੁਰ ਕੀਤੇ ਜਾਣ ਦਾ ਜੋ ਸੰਕਲਪ ਨਿਸ਼ਚਿਤ ਕੀਤਾ ਗਿਆ ਸੀ, ਉਸ ਪੁਰ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਜਾ ਸਕੇ।

ਅਰੰਭਕ ਸਮੇਂ ਵਿੱਚ ਦਲ ਦੇ ਕੌਮੀ ਪ੍ਰਧਾਨ ਤੋਂ ਲੈ ਕੇ ਇਲਾਕਾਈ ਪ੍ਰਧਾਨ ਤਕ, ਕਿਸੇ ਵਿਅਕਤੀ-ਵਿਸ਼ੇਸ਼ ਦੇ ਨਹੀਂ, ਸਗੋਂ ਸਮੁਚੇ ਪੰਥ ਪ੍ਰਤੀ ਜਵਾਬ-ਦੇਹ ਹੋਇਆ ਕਰਦੇ ਸਨ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦਾ ਹਰ ਮੁੱਖੀ ਪੰਥ ਸਾਹਮਣੇ ਜਵਾਬ-ਦੇਹ ਹੁੰਦਾ ਸੀ, ਇਸ ਕਾਰਣ ਉਹ ਸਮੁਚੇ ਪੰਥ ਪ੍ਰਤੀ ਪੂਰਣ-ਰੂਪ ਵਿਚ ਸਮਰਪਤ ਹੁੰਦਾ। ਜਿਸਦੇ ਚਲਦਿਆਂ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਵਿੱਚ ਅਤੇ ਨਾ ਹੀ ਉਸਦੇ ਪ੍ਰਬੰਧ-ਅਧੀਨ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਆਦਿ ਵਿੱਚ ਭ੍ਰਿਸ਼ਟਾਚਾਰ ਹੋਣ ਜਾਂ ਪ੍ਰਬੰਧ ਦੇ ਵਿਗੜਨ ਦੀ ਕੋਈ ਸੰਭਾਵਨਾ ਹੁੰਦੀ ਸੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਵਿਰੋਧਾਂ ਦੇ ਬਾਵਜੂਦ ਦਲ ਪੁਰ ਆਪਣੀ ਪਕੜ ਮਜ਼ਬੂਤ ਕਰ, ਉਸਨੂੰ ਪਰਿਵਾਰਕ ਹਿਤਾਂ ਦੀ ਰਖਿਆ ਕਰਨ ਤਕ ਹੀ ਸੀਮਤ ਕਰੀ ਰਖਣਾ ਚਾਹੁੰਦੇ ਹਨ। ਜਿਸਦਾ ਨਤੀਜਾ ਇਹ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਜ਼ਮੀਨੀ ਅਧਾਰ ਲਗਾਤਾਰ ਖਿਸਕਦਾ ਜਾ ਰਿਹਾ ਹੈ ਅਤੇ ਫਲਸਰੂਪ ਉਸ ਨਾਲ ਜੁੜੇ ਪੰਥ ਪ੍ਰਤੀ ਸਮਰਪਿਤ ਚਲੇ ਆ ਰਹੇ ਟਕਸਾਲੀ ਮੁੱਖੀ ਉਸ ਨਾਲੋਂ ਟੁਟਦੇ ਜਾ ਰਹੇ ਹਨ ਅਤੇ ਉਹ ਮਾਤ੍ਰ ਇੱਕ ਪਰਿਵਾਰ ਤਕ ਸਿਮਟਦਾ ਹੋ ਜਾ ਰਿਹਾ ਹੈ।

...ਅਤੇ ਅੰਤ ਵਿੱਚ : ਸ਼ਾਇਦ ਇਹੀ ਕਾਰਣ ਹੈ ਕਿ ਆਮ ਸਿੱਖਾਂ ਵਲੋਂ ਬਾਰ-ਬਾਰ ਇਹ ਸੁਆਲ ਪੁਛਿਆ ਜਾਣ ਲਗਾ ਹੈ ਕਿ ਕੀ ਨੇੜ-ਭਵਿਖ ਵਿੱਚ ਸ਼ਹੀਦਾਂ ਦੀ ਜੱਥੇਬੰਦੀ ਹੋਣ ਦਾ ਦਾਅਵੇਦਾਰ ਸ਼੍ਰੋਮਣੀ ਅਕਾਲੀ ਦਲ ਇਤਿਹਾਸ ਦੇ ਪੰਨਿਆਂ ਤਕ ਹੀ ਸਿਮਟ ਕੇ ਰਹਿ ਜਾਇਗਾ?

ਮੋਬਾ:+ 91 95 82 71 98 90

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਇੱਕ ਸੋਚਣੀ ਇਹ ਵੀ: ਟਰੰਪ ਦੀ ਗੋਰੀ ਕੰਧ ਨੂੰ ਲੈ ਕੇ ਹਾਹਾਕਾਰ

-ਵਿਸ਼ਨੂੰ ਗੁਪਤ-

ਅਮਰੀਕਾ ਦੇ ਰਾਸ਼ਟਰਪਤੀ ਡੋਨ-ਾਲਡ ਟਰੰਪ ਦੀ 'ਗੋਰੀ ਕੰਧ' (ਮੈਕਸੀਕੋ ਦੀ ਕੰਧ) ਦੀ ਯੋਜਨਾ ਨੇ ਦੁਨੀਆ ਦੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਨਾਜਾਇਜ਼ ਸ਼ਰਨਾਰਥੀਆਂ ਦੇ ਸਮਰਥਕ ਸਮੂਹਾਂ ਵਿੱਚ ਤਰਥੱਲੀ ਮਚਾਈ ਹੋਈ ਹੈ। ਲੈਟਿਨ ਅਮਰੀਕਾ ਦੇ ਅਸਫਲ ਰਾਸ਼ਟਰ ਵੀ ਭੜਕੇ ਹੋਏ ਹਨ। ਟਰੰਪ ਦੀ ਖਾਸੀਅਤ ਹੈ ਕਿ ਉਹ ਆਪਣੀਆਂ ਨੀਤੀਆਂ ਤੇ ਆਪਣੇ ਐਲਾਨੇ ਪ੍ਰੋਗਰਾਮਾਂ ਤੋਂ ਇੱਕ ਕਦਮ ਵੀ ਪਿੱਛੇ ਨਹੀਂ ਹਟਾਉਂਦੇ। ਦੁਨੀਆ ਚਾਹੇ ਉਨ੍ਹਾਂ ਨੂੰ ਮੂਰਖ ਕਹੇ, ਫਾਸਿਸਟ ਕਹੇ, ਹਿੰਸਕ ਕਹੇ, ਅਨੈਤਿਕ ਕਹੇ, ਪਰ ਦੁਨੀਆ ਦੇ ਵਿਚਾਰਾਂ ਦੀ ਟਰੰਪ ਪ੍ਰਵਾਹ ਨਹੀਂ ਕਰਦੇ। ਇਥੋਂ ਤੱਕ ਕਿ ਮੀਡੀਆ ਦੀ ਆਲੋਚਨਾ ਨੂੰ ਵੀ ਕੋਈ ਅਹਿਮੀਅਤ ਨਹੀਂ ਦਿੰਦੇ।

ਜਦੋਂ ਟਰੰਪ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਲੜ ਰਹੇ ਸਨ, ਉਦੋਂ ਉਨ੍ਹਾਂ 'ਤੇ ਸੈਕਸ ਸ਼ੋਸ਼ਣ ਦੇ ਵੀ ਦੋਸ਼ ਲੱਗੇ ਸਨ, ਉਨ੍ਹਾਂ ਨੂੰ ਅਸਥਿਰ ਮਾਨਸਿਕਤਾ ਦਾ ਪ੍ਰਤੀਕ ਦੱਸਿਆ ਗਿਆ, ਪਰ ਟਰੰਪ ਨੇ ਆਪਣੀ ਜਿੱਤ ਨਾਲ ਦੁਨੀਆ ਤੇ ਮੀਡੀਆ ਨੂੰ ਇਕ ਸਬਕ ਦਿੱਤਾ ਸੀ। ਰਾਸ਼ਟਰਪਤੀ ਬਣਨ ਤੋਂ ਬਾਅਦ ਟਰੰਪ ਨੇ ਦਿਖਾ ਦਿੱਤਾ ਕਿ ਉਨ੍ਹਾਂ ਦਾ ਪਿਛਲਾ ਅਕਸ ਕਿਹੋ ਜਿਹਾ ਵੀ ਹੋਵੇ, ਪਰ ਇੱਕ ਅਮਰੀਕੀ ਰਾਸ਼ਟਰਪਤੀ ਵਜੋਂ ਉਨ੍ਹਾਂ ਦਾ ਅਕਸ ਅਮਰੀਕਾ ਦੇ ਹਿੱਤਾਂ ਦੇ ਰੱਖਿਅਕ ਵਾਲਾ ਹੋਵੇਗਾ, ਅਮਰੀਕੀ ਗੋਰੀ ਅਣਖ ਦੇ ਸਰਪ੍ਰਸਤ ਵਜੋਂ ਹੋਵੇਗਾ ਅਤੇ ਅਜਿਹੇ ਸ਼ਾਸਕ ਵਾਲਾ ਹੋਵੇਗਾ, ਜੋ ਅਮਰੀਕੀ ਹਿੱਤਾਂ ਅੱਗੇ ਡਟ ਕੇ ਖੜ੍ਹਾ ਹੋਣ ਵਾਲਾ ਹੋਵੇਗਾ।

ਜੇ ਅਸੀਂ ਟਰੰਪ ਦੇ ਕਾਰਜਕਾਲ ਦੀ ਗੱਲ ਕਰੀਏ ਤਾਂ ਦੇਖਾਂਗੇ ਕਿ ਉਹ ਦੁਨੀਆ ਵਿੱਚ ਇੱਕ ਅਜਿਹੇ ਸ਼ਾਸਕ ਵਜੋਂ ਆਪਣੀ ਛਾਪ ਛੱਡ ਰਹੇ ਹਨ, ਜਿਸ ਨੇ ਚੋਣ ਵਾਅਦੇ ਪੂਰੇ ਕਰਨ ਲਈ ਪੂਰੀ ਵਾਹ ਲਾਈ ਹੈ। ਮੁਸਲਿਮ ਆਬਾਦੀ ਹਮਲੇ 'ਤੇ ਉਨ੍ਹਾਂ ਨੇ ਪਾਬੰਦੀ ਲਾਈ, ਈਰਾਨ ਨਾਲ ਪਰਮਾਣੂ ਸੌਦੇ ਤੋੜੇ, ਚੌਗਿਰਦਾ ਸੰਤੁਲਨ ਨੂੰ ਲੈ ਕੇ ਯੂਰਪੀਅਨ ਯੂਨੀਅਨ ਤੱਕ ਅੰਗੂਠਾ ਦਿਖਾਇਆ, ਪਾਕਿਸਤਾਨ ਦੀ ਨੀਂਦ ਉਡਾਈ ਤੇ ਸ਼ਰੇਆਮ ਕਿਹਾ ਕਿ ਪਾਕਿਸਤਾਨ ਹੁਣ ਅਮਰੀਕਾ ਲਈ ਕਿਸੇ ਕੰਮ ਦਾ ਨਹੀਂ ਹੈ।

ਫਿਲਹਾਲ ਟਰੰਪ ਆਪਣੀ ਇੱਕ 'ਗੋਰੀ ਕੰਧ' (ਵ੍ਹਾਈਟ ਵਾਲ) ਬਾਰੇ ਚਰਚਾ 'ਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ "ਮੈਕਸੀਕੋ ਦੇ ਬਾਰਡਰ 'ਤੇ ਕੰਧ ਬਣ ਕੇ ਰਹੇਗੀ, ਇਸ ਨੂੰ ਬਣਨ ਤੋਂ ਰੋਕਣ ਦੀ ਤਾਕਤ ਕਿਸੇ 'ਚ ਨਹੀਂ ਹੈ। ਆਪਣੀ ਬਹਾਦਰੀ ਤੇ ਮਿਹਨਤ ਨਾਲ ਅਸੀਂ ਆਪਣੀ ਕਿਸਮਤ ਲਿਖੀ ਹੈ, ਦੁਨੀਆ ਭਰ 'ਚ ਆਪਣਾ ਸਿੱਕਾ ਜਮਾਇਆ ਹੈ। ਇਸ ਨੂੰ ਕਿਸੇ ਵੀ ਹਾਲਤ ਵਿੱਚ ਨਸ਼ਟ ਨਹੀਂ ਹੋਣ ਦਿਆਂਗੇ।" ਸਵਾਲ ਉਠਦਾ ਹੈ ਕਿ ਗੋਰੀ ਕੰਧ ਕਿਸ ਨੂੰ ਕਹਿੰਦੇ ਹਨ ਅਤੇ ਇਸ ਦਾ ਇਹ ਨਾਂਅ ਕਿਵੇਂ ਪਿਆ? ਕੀ ਗੋਰੀ ਕੰਧ ਸ਼ਰਨਾਰਥੀਆਂ ਪ੍ਰਤੀ 'ਨਫਰਤ ਦੀ ਕੰਧ' ਮੰਨੀ ਜਾਵੇਗੀ? ਗੋਰੀ ਕੰਧ ਬਣਨ ਵਿਰੁੱਧ ਅਮਰੀਕਾ ਦੇ ਡੈਮੋਕ੍ਰੇਟਸ ਹੀ ਕਿਉਂ ਖੜ੍ਹੇ ਹਨ? ਕੀ ਗੋਰੀ ਕੰਧ ਮੈਕਸੀਕਨਾਂ ਦੀ ਪ੍ਰਭੂਸੱਤਾ ਨੂੰ ਢਾਹ ਲਾਉਂਦੀ ਹੈ? ਜੇ ਗੋਰੀ ਕੰਧ ਬਣ ਵੀ ਗਈ ਤਾਂ ਕੀ ਅਮਰੀਕਾ 'ਚ ਸ਼ਰਨਾਰਥੀਆਂ ਦੀ ਘੁਸਪੈਠ ਪੂਰੀ ਤਰ੍ਹਾਂ ਰੁਕ ਜਾਵੇਗੀ? ਲੈਟਿਨ ਅਮਰੀਕੀ ਦੇਸ਼ ਅਤੇ ਇਸਲਾਮੀ ਦੁਨੀਆ ਗੋਰੀ ਕੰਧ ਨੂੰ ਲੈ ਕੇ ਕਿਉਂ ਭੜਕੇ ਹੋਏ ਹਨ? ਕੀ ਅਮਰੀਕਾ 'ਤੇ ਸੱਚਮੁੱਚ ਆਬਾਦੀ ਹਮਲਾ ਭਾਰੀ ਪੈ ਰਿਹਾ ਹੈ ਅਤੇ ਸ਼ਰਨਾਰਥੀਆਂ ਦੇ ਹਮਲੇ ਨਾਲ ਅਮਰੀਕਾ ਦੀ ਗੋਰੀ ਅਣਖ ਸੱਚਮੁੱਚ ਖਤਰੇ 'ਚ ਹੈ ਜਾਂ ਫਿਰ ਗੋਰੀ ਅਣਖ ਸਾਹਮਣੇ ਘੱਟਗਿਣਤੀ ਬਣ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ?

ਅਮਰੀਕਾ-ਮੈਕਸੀਕੋ ਬਾਰਡਰ 'ਤੇ ਲਗਭਗ 3000 ਕਿਲੋਮੀਟਰ ਲੰਮੀ ਕੰਧ ਬਣਾਉਣ ਦਾ ਐਲਾਨ ਟਰੰਪ ਨੇ ਚੋਣਾਂ ਦੌਰਾਨ ਕੀਤਾ ਸੀ। ਇਸ ਕੰਧ 'ਤੇ 57 ਅਰਬ ਅਮਰੀਕੀ ਡਾਲਰ ਖਰਚ ਹੋਣ ਦਾ ਅੰਦਾਜ਼ਾ ਪ੍ਰਗਟਾਇਆ ਗਿਆ ਹੈ। ਇੰਨੀ ਵੱਡੀ ਰਕਮ ਖਰਚ ਹੋਣ ਦਾ ਅਰਥ ਇਹ ਕੱਢਿਆ ਜਾਂਦਾ ਹੈ ਕਿ ਇਸ ਨਾਲ ਅਮਰੀਕੀ ਅਰਥਚਾਰਾ ਡਾਵਾਂਡੋਲ ਹੋ ਸਕਦਾ ਹੈ ਅਤੇ ਅਮਰੀਕੀਆਂ ਨੂੰ ਆਰਥਿਕ ਸੰਕਟ ਦੇ ਦੌਰ 'ਚੋਂ ਲੰਘਣਾ ਪਵੇਗਾ, ਜਦ ਕਿ ਟਰੰਪ ਦਾ ਕਹਿਣਾ ਹੈ ਕਿ ਨਾਜਾਇਜ਼ ਸ਼ਰਨਾਰਥੀ ਕੋਈ ਅਹਿੰਸਾ ਦੇ ਪੁਜਾਰੀ ਨਹੀਂ ਹਨ, ਸਗੋਂ ਇਹ ਅਮਰੀਕੀ ਸਮਾਜ ਵਿੱਚ ਹਿੰਸਾ ਫੈਲਾਉਂਦੇ ਹਨ, ਅਮਰੀਕੀ ਅਰਥ ਵਿਵਸਥਾ 'ਤੇ ਬੋਝ ਬਣਦੇ ਹਨ। ਟਰੰਪ ਨੇ ਐਲਾਨ ਕੀਤਾ ਹੋਇਆ ਹੈ ਕਿ ਕੰਧ ਬਣਾਉਣ 'ਤੇ ਖਰਚ ਹੋਣ ਵਾਲੀ ਰਕਮ ਮੈਕਸੀਕੋ ਤੋਂ ਵਸੂਲੀ ਜਾਵੇਗੀ ਕਿਉਂਕਿ ਮੈਕਸੀਕੋ ਦੀ ਸਾਜ਼ਿਸ਼ ਕਾਰਨ ਹੀ ਨਾਜਾਇਜ਼ ਸ਼ਰਨਾਰਥੀ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਸੱਚ ਇਹ ਹੈ ਕਿ ਮੈਕਸੀਕੋ ਵੱਲੋਂ ਦੁਨੀਆ ਦੀ ਮੁਸਲਿਮ ਆਬਾਦੀ ਤੇ ਲੈਟਿਨ ਅਮਰੀਕਾ ਦੇ ਅਸਫਲ ਦੇਸ਼ਾਂ ਦੇ ਨਾਗਰਿਕ ਨਾਜਾਇਜ਼ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਇਸ ਤੋਂ ਇਲਾਵਾ ਮੈਕਸੀਕੋ ਦੇ ਬਾਰਡਰ ਰਾਹੀਂ ਡਰੱਗਜ਼ ਦੀ ਸਮੱਗਲਿੰਗ ਵੀ ਖੂਬ ਹੁੰਦੀ ਹੈ।

ਟਰੰਪ ਦੇ ਵਿਰੋਧੀਆਂ ਹੀ ਨਹੀਂ, ਸਗੋਂ ਲੈਟਿਨ ਅਮਰੀਕਾ ਦੇ ਅਸਫਲ ਦੇਸ਼ਾਂ ਤੇ ਮੁਸਲਿਮ ਦੁਨੀਆ ਨੇ ਵੀ ਮੈਕਸੀਕੋ ਦੇ ਬਾਰਡਰ 'ਤੇ ਬਣਨ ਵਾਲੀ ਕੰਧ ਨੂੰ 'ਗੋਰੀ ਕੰਧ' ਦਾ ਨਾਂਅ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਦੀ ਗੋਰੀ ਆਬਾਦੀ ਦੀ ਸਰਵਉਚਤਾ ਯਕੀਨੀ ਬਣਾਉਣ ਲਈ ਇਹ ਕੰਧ ਖੜ੍ਹੀ ਕਰਨ ਦੀ ਯੋਜਨਾ ਬਣਾਈ ਗਈ ਹੈ। ਸਵਾਲ ਇਹ ਹੈ ਕਿ ਮੈਕਸੀਕੋ ਦੇ ਬਾਰਡਰ 'ਤੇ ਬਣਨ ਵਾਲੀ ਇਸ ਕੰਧ ਨੂੰ 'ਗੋਰੀ ਕੰਧ' ਮੰਨਿਆ ਜਾਣਾ ਚਾਹੀਦਾ ਹੈ ਜਾਂ ਨਹੀਂ? ਇਹ ਸਹੀ ਹੈ ਕਿ ਟਰੰਪ ਅਮਰੀਕੀ ਚੌਧਰ ਦੇ ਪ੍ਰਤੀਕ ਹਨ, ਘੋਰ ਸੱਜੇ ਪੱਖੀ ਹਨ, ਜਿਨ੍ਹਾਂ ਨੂੰ ਰਾਸ਼ਟਰਵਾਦੀ ਕਿਹਾ ਜਾ ਸਕਦਾ ਹੈ। ਟਰੰਪ ਦੀ ਜਿੱਤ ਪਿੱਛੇ ਸੱਜੇ ਪੱਖੀ ਗਰੁੱਪ ਦੀ ਤਾਕਤ ਸੀ। 'ਵਰਲਡ ਟ੍ਰੇਡ ਸੈਂਟਰ' ਉੱਤੇ ਅੱਤਵਾਦੀ ਹਮਲੇ ਵਿੱਚ 5000 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਸੱਜੇ ਪੱਖੀਆਂ ਦਾ ਉਭਾਰਤ ਹੋਇਆ ਸੀ ਅਤੇ ਉਹ ਇਥੇ ਸ਼ਰਨਾਰਥੀਆਂ ਨੂੰ ਲੈ ਕੇ ਇੱਕ ਵੱਖਰੇ ਢੰਗ ਨਾਲ ਮੁਹਿੰਮ ਚਲਾਉਂਦੇ ਰਹੇ ਹਨ। ਉਨ੍ਹਾਂ ਦੀ ਚਿੰਤਾ ਦੇ ਕਾਰਨ ਵੀ ਹਨ। ਅਮਰੀਕਾ ਵਿੱਚ ਸੈਂਕੜੇ ਅੱਤਵਾਦੀ ਤੇ ਹਿੰਸਕ ਘਟਨਾਵਾਂ ਹੋਈਆਂ ਹਨ, ਜਿਨ੍ਹਾਂ 'ਚ ਮੁਸਲਿਮ ਅੱਤਵਾਦੀਆਂ ਦੇ ਸ਼ਾਮਲ ਹੋਣ ਦੀ ਗੱਲ ਜ਼ਾਹਿਰ ਹੋਈ ਹੈ। ਇਸੇ ਕਾਰਨ ਅਮਰੀਕਾ ਨੇ ਕਈ ਦੇਸ਼ਾਂ ਦੀ ਮੁਸਲਿਮ ਆਬਾਦੀ ਦੇ ਅਮਰੀਕਾ ਵਿੱਚ ਦਾਖਲੇ 'ਤੇ ਪਾਬੰਦੀ ਲਾਈ ਹੈ।

ਦੁਨੀਆ ਨੂੰ ਦੋ ਤਰ੍ਹਾਂ ਦੇ ਸ਼ਰਨਾਰਥੀਆਂ, ਇੱਕ ਹਿੰਸਕ ਅਤੇ ਦੂਜੇ ਵਿਗੜੀ ਮਾਨਸਿਕਤਾ ਵਾਲੇ, ਨੇ ਸੰਕਟ ਵਿੱਚ ਪਾਇਆ ਹੋਇਆ ਹੈ। ਇੱਕ ਮੁਸਲਿਮ ਸ਼ਰਨਾਰਥੀ ਹਨ, ਜੋ ਆਪਣੇ ਦੇਸ਼ 'ਚ ਅੱਤਵਾਦ ਦੀ ਸਮੱਸਿਆ ਤੋਂ ਤੰਗ ਆ ਕੇ ਅਮਰੀਕਾ ਤੇ ਯੂਰਪ ਵਿੱਚ ਘੁਸਪੈਠ ਕਰ ਰਹੇ ਹਨ, ਦੂਜੀ ਕਿਸਮ ਦੇ ਸ਼ਰਨਾਰਥੀ ਕਮਿਊਨਿਸਟ ਮਾਨਸਿਕਤਾ ਵਾਲੇ ਹਨ। ਲੈਟਿਨ ਅਮਰੀਕਾ ਦੇ ਵੈਨੇਜ਼ੁਏਲਾ ਅਤੇ ਕਿਊਬਾ ਕਈ ਸਾਲਾਂ ਤੱਕ ਕਮਿਊਨਿਸਟ ਰਾਜ ਹੇਠ ਰਹੇ ਹਨ। ਵੈਨੇਜ਼ੁਏਲਾ 'ਚ ਵਧਦੀ ਮਹਿੰਗਾਈ ਤੇ ਚੀਜ਼ਾਂ ਦੀ ਕਿੱਲਤ ਕਾਰਨ ਹਾਹ-ਾਕਾਰ ਮਚੀ ਹੋਈ ਹੈ। ਉਥੋਂ ਦੀ ਇੱਕ ਤਿਹਾਈ ਆਬਾਦੀ ਪਲਾਇਨ ਕਰਨ ਲਈ ਮਜਬੂਰ ਹੋਈ ਹੈ। ਇਹੋ ਸਥਿਤੀ ਕਿਊਬਾ ਤੇ ਹੋਰ ਅਸਫਲ ਦੇਸ਼ਾਂ ਦੀ ਹੈ।

ਇਹ ਸਹੀ ਹੈ ਕਿ ਅਮਰੀਕਾ ਦੀ ਗੋਰੀ ਪ੍ਰਭੂਸੱਤਾ ਨੂੰ ਘੱਟਗਿਣਤੀ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ ਕਿਉਂਕਿ ਨਾਜਾਇਜ਼ ਸ਼ਰਨਾਰਥੀ ਜ਼ਿਆਦਾ ਬੱਚੇ ਪੈਦਾ ਕਰ ਕੇ ਆਪਣੀ ਆਬਾਦੀ ਵਧਾਉਂਦੇ ਹਨ। ਜੇ ਟਰੰਪ ਮੈਕਸੀਕੋ ਦੇ ਬਾਰਡਰ 'ਤੇ ਕੰਧ ਬਣਾ ਕੇ ਨਾਜਾਇਜ਼ ਸ਼ਰਨਾਰਥੀਆਂ ਦਾ ਹੜ੍ਹ ਰੋਕਣ 'ਚ ਸਫਲ ਹੋ ਗਏ, ਤਾਂ ਫਿਰ ਅਮਰੀਕਾ ਦੀ ਪ੍ਰਭੂਸੱਤਾ ਸਰਵਸ੍ਰੇਸ਼ਠ ਤੌਰ 'ਤੇ ਕਾਇਮ ਰਹੇਗੀ ਤੇ ਟਰੰਪ ਅਮਰੀਕਾ ਦੇ 'ਮਹਾਨ ਰਾਸ਼ਟਰਪਤੀ' ਬਣ ਜਾਣਗੇ।

# ਤੇਰੇ ਲੌਂਗ ਦਾ ਪਿਆ ਲਿਸ਼ਕਾਰਾ..

-ਪਰਮਜੀਤ ਕੌਰ ਸਰਹਿੰਦ



ਪੰਜਾਬੀ ਔਰਤਾਂ ਜਿਥੇ ਸੱਗੀ ਨਾਲ ਗੂੜ੍ਹੀ ਪ੍ਰੀਤ ਰੱਖਦੀਆਂ ਸਨ, ਉਥੇ ਛੋਟੇ-ਛੋਟੇ ਗਹਿਣੇ ਪਾ ਕੇ ਵੀ ਖੁਸ਼ ਹੁੰਦੀਆਂ ਸਨ। ਇਹ ਨਿਮਨ ਵਰਗ ਦੀ ਪਹੁੰਚ ਵਾਲੇ ਗਹਿਣੇ ਹੁੰਦੇ। ਨੱਕ ਵਿੱਚ ਪਾਉਣ ਵਾਲੇ ਗਹਿਣਿਆਂ ਵਿੱਚ ਲੌਂਗ, ਤੀਲ੍ਹੀ, ਰੇਖ ਅਤੇ ਕੋਕਾ ਆਦਿ ਨਿੱਕੇ ਗਹਿਣੇ ਹੁੰਦੇ। ਨੱਕ ਅਤੇ ਕੰਨ ਆਮ ਤੌਰ 'ਤੇ ਸੁਨਿਆਰੇ ਤੋਂ ਵਿੰਨ੍ਹਾਏ ਜਾਂਦੇ, ਪਰ ਕੋਈ ਮਾਹਰ ਔਰਤ ਵੀ ਇਹ ਕੰਮ ਕਰ ਲੈਂਦੀ। ਸੁਨਿਆਰਾ ਤਾਂ ਚਾਂਦੀ ਦੀ ਇਕ ਸਿਰੇ ਤੋਂ ਤਿੱਖੀ ਪਤਲੀ ਜਿਹੀ ਤਾਰ ਨਾਲ ਨੱਕ ਵਿੰਨ੍ਹਦਾ ਸੀ ਤੇ ਨੱਕ ਦੇ ਬਾਹਰ ਦੂਜੇ ਸਿਰੇ ਨਾਲ ਮਰੋੜੀ ਦੇ ਕੇ ਬੰਦ ਕਰ ਦਿੰਦਾ। ਇਸ ਗੋਲ ਮੋੜੀ ਤਾਰ ਨੂੰ 'ਮੁਰਕੀ' ਕਿਹਾ ਜਾਂਦਾ। ਕੁਝ ਸਮੇਂ ਬਾਅਦ ਜਦੋਂ ਨੱਕ ਅਤੇ ਛੇਕ ਠੀਕ ਹੋ ਜਾਂਦਾ ਤਾਂ ਮੁਰਕੀ ਕੱਢ ਦਿੱਤੀ ਜਾਂਦੀ। ਛੋਟੀ ਉਮਰ ਦੀਆਂ ਕੁੜੀਆਂ ਤਾਂ ਬਾਂਸ ਦੀ ਸੁਹਣੀ (ਝਾੜੂ) ਦੀ ਤੀਲ੍ਹ ਦਾ ਤਿੱਖਾ ਸਿਰਾ ਤੋੜ ਕੇ ਨੱਕ ਵਿੱਚ ਛੇਕ ਵਿੱਚ ਪਾ ਲੈਂਦੀਆਂ। ਨਿੰਮ ਦਾ ਪਤਲਾ ਜਿਹਾ ਡੱਕਾ ਵੀ ਨੱਕ ਵਿੱਚ ਪਾ ਲਿਆ ਜਾਂਦਾ, ਉਸ ਨਾਲ ਨੱਕ ਦਾ ਛੇਕ ਪੱਕਦਾ ਜਾਂ ਦੁਖਦਾ ਨਹੀਂ ਸੀ। ਇਹ ਡੱਕੇ ਤੀਲ੍ਹੇ ਨੱਕ ਦਾ ਛੇਕ ਬਰਕਰਾਰ ਰੱਖਣ ਲਈ ਪਾਏ ਜਾਂਦੇ। ਕੁਆਰੀਆਂ ਕੁੜੀਆਂ ਨੱਕ ਦਾ ਛੇਕ ਬੰਦ ਹੋਣ ਦੇ ਡਰੋਂ ਚਾਂਦੀ ਦੀ ਨਿੱਕੀ ਜਿਹੀ ਮੇਖ, ਰੇਖ ਜਾਂ ਤੀਲ੍ਹੀ ਵੀ ਨੱਕ ਵਿੱਚ ਪਾ ਲੈਂਦੀਆਂ।

ਆਮ ਤੌਰ 'ਤੇ ਪੇਂਡੂ ਸਮਾਜ ਵਿੱਚ ਕੁਆਰੀਆਂ ਕੁੜੀਆਂ ਗਹਿਣਾ ਗੱਟਾ ਨਹੀਂ ਸਨ ਪਾਉਂਦੀਆਂ, ਪਰ ਉਨ੍ਹਾਂ ਦੇ ਨੱਕ ਕੰਨ ਇਸ ਲਈ ਵਿੰਨ੍ਹਾ ਦਿੱਤੇ ਜਾਂਦੇ ਕਿ ਵੱਡੀ ਉਮਰੇ ਨੱਕ ਕੰਨ ਦੀ ਪੇਪੜੀ ਸਖਤ ਤੇ ਮੋਟੀ ਹੋ ਜਾਣ ਕਾਰਨ ਔਖੀ ਵਿੰਨ੍ਹੀ ਜਾਂਦੀ ਹੈ ਤੇ ਉਸ ਦੇ ਪੱਕ ਜਾਣ ਦਾ ਡਰ ਰਹਿੰਦਾ। ਪੰਜਾਬਣਾਂ ਜ਼ਿਆਦਾਤਰ ਖੱਬੇ ਪਾਸੇ ਨੱਕ ਵਿੰਨ੍ਹਾਉਂਦੀਆਂ ਹਨ, ਜਦੋਂ ਕਿ ਕਈ ਰਾਜਾਂ ਵਿੱਚ ਖੱਬੇ ਸੱਜੇ ਦੋਵੇਂ ਪਾਸੇ ਨੱਕ ਵਿੰਨ੍ਹੇ ਜਾਂਦੇ। ਕਈ ਔਰਤਾਂ ਸੱਜੇ ਪਾਸੇ ਵੀ ਛੇਕ ਕਰਾ ਲੈਂਦੀਆਂ। ਗਹਿਣਿਆਂ ਦੀ ਗੱਲ ਕਰਦਿਆਂ ਇਹ ਜ਼ਿਕਰ ਯੋਗ ਹੈ ਕਿ ਗਹਿਣੇ ਔਰਤ ਦੇ ਸੁਹਾਗਣ ਹੋਣ ਦੇ ਪ੍ਰਤੀਕ ਮੰਨੇ ਜਾਂਦੇ ਹਨ। ਕਿਸੇ ਦੇ ਪਤੀ ਦੀ ਮੌਤ ਹੋ ਜਾਣ 'ਤੇ ਚੂੜੀਆਂ ਤੋੜ ਦੇਣ ਵਾਂਗੂੰ ਨੱਕ ਵਿੱਚੋਂ ਕੋਕਾ ਜਾਂ ਤੀਲ੍ਹੀ ਆਦਿ ਕੱਢ ਦਿੱਤੀ ਜਾਂਦੀ ਹੈ। ਅਜੋਕੇ ਸਮੇਂ ਇਨ੍ਹਾਂ ਬੇਅਰਥ ਰੀਤੀ ਰਿਵਾਜਾਂ ਨੂੰ ਬਹੁਤ ਹੱਦ ਤੱਕ ਨਕਾਰਿਆ ਗਿਆ ਹੈ, ਪਰ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਦਲੀਪ ਕੌਰ ਟਿਵਾਣਾ ਨੇ ਤਾਂ 'ਤੀਲ੍ਹੀ ਦਾ ਨਿਸ਼ਾਨ' ਨਾਵਲ ਵਿੱਚ ਨਾਇਕਾ ਕਿਰਨਜੀਤ ਦੀ ਜੋ ਹਾਲਤ ਬਿਆਨ ਕੀਤੀ ਹੈ ਉਸ ਨੇ ਸਾਡੇ ਖੋਖਲੇ ਰੀਤੀ ਰਿਵਾਜਾਂ 'ਤੇ ਕਿੰਤੂ ਵੀ ਕੀਤਾ ਹੈ ਅਤੇ ਔਰਤ ਦੀ ਮਾਨਸਿਕ ਟੁੱਟ ਭੱਜ ਅਤੇ ਸਦਾ ਤੋਂ ਆਪਣੀਆਂ ਰੀਝਾਂ ਦਾ ਬਲੀਦਾਨ ਦੇਣ ਦੀ ਔਰਤ ਦੀ ਫਿਤਰਤ ਵੀ ਸਪੱਸ਼ਟ ਕੀਤੀ ਹੈ। ਗਹਿਣੇ ਔਰਤ ਨੂੰ ਖੁਸ਼ੀ ਵੀ ਦਿੰਦੇ ਹਨ ਤੇ ਦਰਦ ਵੀ।

ਨੱਥ ਤੇ ਲੌਂਗ ਜਿਥੇ ਮੁਟਿਆਰਾਂ ਦੇ ਨੱਕ ਦਾ ਸ਼ਿੰਗਾਰ ਬਣੇ ਉਥੇ ਇਹ ਲੋਕ ਗੀਤਾਂ ਤੇ ਪੰਜਾਬੀ ਗੀਤਾਂ ਦਾ ਸ਼ਿੰਗਾਰ ਵੀ ਬਣੇ। ਕਦੇ ਕੋਈ ਮੁਟਿਆਰ ਆਪਣੇ ਜੁਆਨ ਸਾਥੀ ਨੂੰ ਕਹਿੰਦੀ ਹੈ:

ਐਥੇ ਮੇਰੀ ਨੱਥ ਡਿੱਗ ਪਈ<br>
ਨਿਉਂ ਕੇ ਫੜੀਂ ਜੁਆਨਾ

ਕੋਈ ਹੋਰ ਕਹਿੰਦੀ ਹੈ:

ਪਿੱਛੇ-ਪਿੱਛੇ ਆਉਂਦਾ ਮੇਰੀ ਚਾਲ ਵੇਂਹਦਾ ਆਈਂ<br>
ਚੀਰੇ ਵਾਲਿਆ ਵੇਖਦਾ ਆਈਂ ਵੇ ਮੇਰਾ ਲੌਂਗ ਗੁਆਚਾ

ਲੌਂਗ ਨੂੰ ਸਭ ਤੋਂ ਵੱਧ ਮਸ਼ਹੂਰ ਕੀਤਾ ਲੋਕ ਕਾਵਿ ਦੀ ਇਕ ਤੁਕੀ ਬੋਲੀ ਨੇ। ਉਸ ਦੇ ਬੋਲ ਹਨ:

ਤੇਰੇ ਲੌਂਗ ਦਾ ਪਿਆ ਲਿਸ਼ਕਾਰਾ<br>
ਹਾਲੀਆਂ ਨੇ ਹਲ ਡੱਕ ਲਏ

ਅਜੋਕੇ ਸਮੇਂ ਨਾ ਕੋਈ ਪੰਜਾਬੀ ਬਲਦਾਂ ਦੀ ਜੋਗ ਨਾਲ ਹਲ ਵਾਹੁੰਦਾ ਹੈ ਅਤੇ ਨਾ ਲੌਂਗ ਵਾਲੀ ਹਾਲੀਆਂ ਦੀ ਰੋਟੀ ਲੈ ਕੇ ਜਾਂਦੀ ਹੈ। ਜੇ ਕੋਈ ਲੌਂਗ ਵਾਲੀ ਖੇਤਾਂ ਵੱਲ ਜਾਵੇ ਤਾਂ ਉਸ ਦੇ ਲੌਂਗ ਦੇ ਲਿਸ਼ਕਾਰੇ ਦਾ ਜ਼ਿਕਰ ਮਰਹੂਮ ਕਵੀ ਸ਼ਮਸ਼ੇਰ ਨਿਰਮਲ ਇਨ੍ਹਾਂ ਸਤਰਾਂ ਵਿੱਚ ਬਿਆਨ ਕਰਦਾ ਹੋਇਆ ਬੀਤੇ ਅਤੇ ਵਰਤਮਾਨ ਨੂੰ ਨਿਖੇੜ ਕੇ ਕਹਿੰਦਾ ਹੈ:

ਹੁਣ ਤਾਂ ਅੜੀਏ ਟਰੈਕਟਰ ਦੇ ਪਹੀਏ ਥੱਲੇ<br>
ਆ ਜਾਂਦੈ ਲੌਂਗ ਦਾ ਲਿਸ਼ਕਾਰਾ

ਲੌਂਗ ਅਤੇ ਕੋਕਾ ਤਕਰੀਬਨ ਇਕੋ ਜਿਹੀ ਸ਼ਕਲ ਦੇ ਸਾਦੇ ਗਹਿਣੇ ਹਨ। ਇਹ ਅਜੋਕੇ ਸਮੇਂ ਵੀ ਪਹਿਨੇ ਜਾਂਦੇ ਹਨ। ਆਮ ਤੌਰ 'ਤੇ ਇਹ ਨੱਕ ਦੇ ਖੱਬੇ ਪਾਸੇ ਪਾਇਆ ਜਾਂਦਾ ਹੈ। ਤੀਲ੍ਹੀ ਸੋਨੇ ਦੀ ਬਾਰੀਕ ਡੰਡੀ ਉਤੇ ਨਿੱਕੀ ਜਿਹੀ ਡੋਡੀ ਵਾਲੀ ਜਾਂ ਉਪਰੋਂ ਥੋੜ੍ਹੀ ਮੋਟੀ ਹੁੰਦੀ ਹੈ। ਅੰਦਰਲੇ ਪਾਸੇ ਡੰਡੀ ਵਿੱਚ ਛੋਟੀ ਜਿਹਾ ਵਾਸ਼ਲ ਨੁਮਾ ਪੇਚ ਜਿਹਾ ਹੁੰਦਾ ਹੈ। ਤੀਲ੍ਹੀ ਨੱਕ ਦੇ ਛੇਕ 'ਚੋਂ ਉਪਰੋਂ ਪਾਈ ਜਾਂਦੀ ਤੇ ਅੰਦਰ ਵੱਲ ਉਹ ਪੇਚ ਲਾ ਦਿੱਤਾ ਜਾਂਦਾ। ਇਹ ਨੱਕ ਦੇ ਬਾਹਰ ਬਹੁਤੀ ਨਹੀਂ ਦਿਸਦੀ ਬਸ ਨੱਕ ਦਾ ਛੇਕ ਕਾਇਮ ਰੱਖਣ ਲਈ ਪਾਈ ਜਾਂਦੀ ਹੈ। ਲੌਂਗ, ਨੱਕ ਦੇ ਬਾਹਰ ਦਿਸਦਾ ਹੈ। ਇਸ ਦੇ ਸਿਰੇ ਉਤੇ ਅਸਲੀ ਲੌਂਗ ਵਾਂਗੂੰ ਨਿਕਾ ਜਿਹਾ ਫੁੱਲ ਹੁੰਦਾ ਹੈ। ਸ਼ੌਕ ਨਾਲ ਲੌਂਗ ਵਿੱਚ ਕੋਈ ਨਗ ਮੋਤੀ ਜੜਾ ਲਏ ਜਾਂਦੇ। ਲੌਂਗ ਦੀ ਉਸਤਤ ਵਿੱਚ ਲੋਕ ਗੀਤ ਜਾਂ ਪੰਜਾਬੀ ਗੀਤ ਰਚੇ ਗਏ ਤਾਂ ਦਿਖਾਵੇ ਲਈ ਬਿਗਾਨਾ ਗਹਿਣਾ ਪਾਉਣ ਨੂੰ ਨਿੰਦਿਆ ਵੀ ਗਿਆ, ਬੋਲ ਹਨ:

ਨੱਕ ਦੀ ਜੜ ਪੱਟਤੀ ਪਾ ਕੇ ਲੌਂਗ ਬਗਾਨਾ

ਕੋਕੇ ਦਾ ਜ਼ਿਕਰ ਲੌਂਗ ਦੀ ਬਨਿਸਬਤ ਘੱਟ ਹੈ, ਪਰ ਹੰਸ ਰਾਜ ਹੰਸ ਕੋਕੇ ਲਈ ਹੋਕਾ ਦਿੰਦਿਆਂ ਕਹਿੰਦਾ ਹੈ:

ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ<br>
ਇਕ ਸੋਨੇ ਦਾ ਕੋਕਾ ਦਿਆਂਗੇ

ਨੱਥ ਅਤੇ ਮੱਛਲੀ ਪਿੰਡਾਂ ਵਿੱਚ ਪਿੰਡਾਂ ਦੀਆਂ ਔਰਤਾਂ ਆਮ ਨਹੀਂ ਸਨ ਪਾਉਂਦੀਆਂ। ਇਹ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਨੂੰ ਹੀ ਨਸੀਬ ਹੁੰਦੀ। ਨੱਥਲੀ, ਨੱਥ ਦਾ ਛੋਟਾ ਰੂਪ ਹੁੰਦੀ ਹੈ, ਇਹ ਕੋਈ ਵੀ ਪਾ ਰੱਖਦੀ। ਨੱਥਲੀ ਇਕ ਨਿੱਕੀ ਵਾਲੀ ਵਰਗੀ ਹੁੰਦੀ, ਜੋ ਕੋਕੇ ਆਦਿ ਦੇ ਥਾਂ ਪਾਈ ਜਾਂਦੀ। ਨੱਥ ਦਾ ਆਕਾਰ ਵੱਡਾ ਹੁੰਦਾ, ਇਹ ਵੀ ਪਾਈ ਨੱਥਲੀ ਵਾਂਗੂੰ ਹੀ ਜਾਂਦੀ, ਪਰ ਇਹ ਵੱਡੀ ਹੁੰਦੀ ਤੇ ਇਸ ਨੂੰ ਸੋਨੇ ਦੀਆਂ ਪੱਤੀਆਂ ਜਾਂ ਮੋਤੀ ਵਗੈਰਾ ਲੱਗੇ ਹੁੰਦੇ ਅਤੇ ਇਹ ਨੱਕ 'ਤੇ ਝੂਲਦੀ ਬਹੁਤ ਦਿਲਕਸ਼ ਜਾਪਦੀ। ਨੱਥ ਨਾਲ ਮੋਤੀਆਂ ਦੀ ਜਾਂ ਸੋਨੇ ਦੀ ਲੜੀ ਹੁੰਦੀ ਜੋ ਹੁੱਕ ਵਾਲੀ ਹੁੰਦੀ। ਉਸ ਨੂੰ ਖੱਬੇ ਪਾਸੇ ਦੇ ਕੰਨ ਕੋਲ ਉਪਰ ਕਰਕੇ ਵਾਲਾਂ ਵਿੱਚ ਟੰਗ ਦਿੱਤਾ ਜਾਂਦਾ। ਇਹ ਅਸਲ ਵਿੱਚ ਨੱਥ ਨੂੰ ਸਹਾਰਾ ਦੇਣ ਲਈ ਹੁੰਦੀ ਤਾਂ ਜੋ ਨੱਥ ਦੇ ਬੋਝ ਨਾਲ ਨੱਕ ਨਾ ਦੁਖੇ। ਨੱਥ ਵਿਆਹ ਵਾਲੀ ਕੁੜੀ ਵਿਆਹ ਸਮੇਂ ਪਾਉਂਦੀ। ਪਿੰਡਾਂ ਵਿੱਚ ਇਹ ਗਹਿਣਾ ਵੀ ਘੱਟ ਦਿੱਸਦਾ ਸੀ। ਅੱਜ ਸੋਨੇ ਦੀ ਨੱਥ ਬਹੁਤ ਹੀ ਘੱਟ ਦੇਖਣ ਨੂੰ ਮਿਲਦੀ ਹੈ ਤੇ ਵਿਆਹ ਸਮੇਂ ਕਈ ਕੁੜੀਆਂ ਬਨਾਉਟੀ ਨੱਥ ਜ਼ਰੂਰ ਪਾ ਲੈਂਦੀਆਂ ਹਨ। ਅਣਜੋੜ ਵਰ ਵਾਲੀ ਮੁਟਿਆਰ ਤਾਂ ਨੱਥ ਨੂੰ ਦੇਖ-ਦੇਖ ਝੁਰਦੀ ਹੈ:

ਸੱਸ ਮੇਰੀ ਨੇ ਨੱਥ ਘੜਾਈ ਮੈਨੂੰ ਕਹਿੰਦਾ ਪਾ ਕੁੜੇ<br>
ਮਾਹੀ ਤਾਂ ਮੇਰਾ ਲੂਣ ਘੋਟਣਾ ਪਾਵਾਂ ਕੀਹਦੇ ਚਾਅ ਕੁੜੇ

ਨੱਥ ਮੱਛਲੀ ਭਾਵੇਂ ਅੱਡ-ਅੱਡ ਗਹਿਣੇ ਹਨ, ਫਿਰ ਵੀ ਕਈ ਥਾਂ ਇਕੱਠਾ ਨੱਥ ਮੱਛਲੀ ਸ਼ਬਦ ਵਰਤਿਆ ਜਾਂਦਾ ਹੈ। ਮੱਛਲੀ ਸ਼ਬਦ 'ਮੰਝਲੀ' ਤੋਂ ਬਣਿਆ ਕਿਹਾ ਜਾਂਦਾ ਹੈ। ਮੰਝਲੀ ਦਾ ਭਾਵ ਵਿਚਕਾਰਲੀ ਤੋਂ ਹੈ। ਇਹ ਗਹਿਣਾ ਕਿਉਂਕਿ ਨੱਕ ਦੇ ਇਕ ਪਾਸੇ ਨਹੀਂ, ਨੱਕ ਦੇ ਵਿਚਕਾਰ ਦੀ ਸਖਤ ਪੇਪੜੀ ਦੇ ਅਗਲੇ ਹਿੱਸੇ ਵਿੱਚ ਛੇਕ ਕਰਕੇ ਪਾਇਆ ਜਾਂਦਾ ਹੈ, ਜਿਸ ਨੂੰ ਨੱਕ ਦੀ 'ਨਕੋਲੀ' ਕਿਹਾ ਜਾਂਦਾ ਹੈ। ਪਿੰਡਾਂ ਵਿੱਚ ਨੱਕ ਦੀ ਨਕੋਲੀ ਨੂੰ ਵਿੰਨ੍ਹਾਉਣ ਦਾ ਰਿਵਾਜ ਬਹੁਤ ਘੱਟ ਸੀ, ਪਰ ਜੇ ਕਿਸੇ ਨੇ ਮੱਛਲੀ ਪਾਈ ਹੁੰਦੀ ਤਾਂ ਉਸ ਮੁਟਿਆਰ ਦਾ ਰੂਪ ਦੂਣ ਸਵਾਇਆ ਹੋ ਜਾਂਦਾ। ਮੱਛਲੀ ਵੀ ਸੋਨੇ ਦੀ ਗੋਲ ਵਾਲੀ ਵਰਗੀ ਹੁੰਦੀ। ਇਸ ਨੂੰ ਵੀ ਸੋਨੇ ਦੇ ਬੋਰ ਜਾਂ ਬਾਰੀਕ-ਬਾਰੀਕ ਪੱਤੇ ਲੱਗੇ ਹੁੰਦੇ। ਨਕੋਲੀ ਵਿੱਚ ਪਾਈ ਮੱਛਲੀ ਪਹਿਣ ਵਾਲੀ ਦੇ ਬੁੱਲਾਂ ਨੂੰ ਤੇ ਠੋਡੀ ਨੂੰ ਛੂੰਹਦੀ। ਇਹ ਖੂਬਸੂਰਤ ਗਹਿਣਾ ਘੜਾਉਣ ਲਈ ਕੋਈ ਨੱਢੀਂ ਮਜ਼ਾਕ 'ਚ ਕਹਿੰਦੀ:

ਸੁਨਿਆਰੇ ਦਿਆ ਮੁੰਡਿਆ ਵੇ ਮੇਰੀ ਮੱਛਲੀ ਘੜ ਦੇ<br>
ਉਤੇ ਪਾ ਦੇ ਮੋਰਨੀਆਂ, ਨੀਂ ਮੈਂ ਸੱਸ ਮੁਕਲਾਵੇ ਤੋਰਨੀ ਆਂ

ਕਿਸੇ ਸੋਹਣੀ ਸੁਨੱਖੀ ਮੁਟਿਆਰ ਦੀ ਮੱਛਲੀ ਚਰਚਾ ਦਾ ਵਿਸ਼ਾ ਵੀ ਬਣ ਜਾਂਦੀ ਤੇ ਉਸ ਨੂੰ ਸੁਣਨਾ ਪੈਂਦਾ:

ਸੁਣ ਨੀਂ ਕੁੜੀਏ ਮੱਛਲੀ ਵਾਲੀਏ, ਮੱਛਲੀ ਨਾ ਚਮਕਾਈਏ<br>
ਹੱਟੀ ਭੱਠੀ 'ਤੇ ਚਰਚਾ ਹੁੰਦੀ ਚਰਚਾ ਨਾ ਕਰਵਾਈਏ<br>
ਵਿੱਚ ਦੀ ਮੁੰਡਿਆਂ ਦੇ ਸੱਪ ਬਣ ਕੇ ਲੰਘ ਜਾਈਏ

# ਮਿੰਨੀ ਕਹਾਣੀਆਂ

## ਕਬੀਲਦਾਰੀ

-ਗੁਰਜੰਟ ਸਿੰਘ ਚਾਹਲ

ਪੰਜ ਕਲਿਆਣੀ ਔਸਰ ਝੋਟੀ ਨੂੰ ਨੁਹਾ ਕੇ ਅਤੇ ਸਿੰਙਾਂ 'ਤੇ ਤੇਲ ਲਾ ਕੇ ਗਾਮਾ ਖੁਰਲੀ 'ਤੇ ਬੈਠਾ ਨੀਝ ਲਾ ਕੇ ਝੋਟੀ ਵੱਲ ਤੱਕ ਰਿਹਾ ਸੀ। ਉਸ ਨੇ ਮਨ ਹੀ ਮਨ ਸੋਚਿਆ, 'ਐਤਕੀਂ ਸਿਆਲ 'ਚ ਨਿਆਣਿਆਂ ਨੂੰ ਖੋਆ ਨੀਂ ਮੁੱਕਣ ਦਿੰਦਾ।' ਗਾਮਾ ਸੋਚਾਂ ਵਿੱਚ ਅੰਬਰੀਂ ਉਡਾਰੀਆਂ ਲਾ ਰਿਹਾ ਸੀ ਤਾਂ ਉਸ ਦੀ ਵੱਡੀ ਧੀ ਨੇ ਆਵਾਜ਼ ਮਾਰੀ, 'ਬਾਪੂ ਚਾਹ ਪੀ ਲੈ।'

ਧੀ ਦੀ ਆਵਾਜ਼ ਸੁਣਦਿਆਂ ਹੀ ਗਾਮੇ ਨੂੰ ਉਸ ਦੇ ਸਹੁਰਿਆਂ ਵੱਲੋਂ ਮੰਗੇ ਵਿਆਹ ਦਾ ਚੇਤਾ ਆਇਆ। ਝਲਾਨੀ ਵੱਲ ਜਾਂਦਾ ਗਾਮਾ ਝੋਟੀ ਦਾ ਮੁੱਲ ਸੋਚਦਾ ਪਿਆ ਸੀ।

## ਮਾਂ ਦੀ ਮਮਤਾ

-ਪ੍ਰਗਟ ਢਿੱਲੋਂ

ਮੱਘਰ ਸਿੰਘ ਦੀ ਨੱਬੇ ਸਾਲ ਦੀ ਮਾਂ ਸਵੇਰੇ ਰੋਜ਼ ਗੁਰਦੁਆਰਾ ਸਾਹਿਬ ਨਤ ਮਸਤਕ ਹੋਣ ਜਾਂਦੀ ਸੀ। ਮੱਘਰ ਸਿੰਘ ਆਪ ਵੀ ਸੱਠ ਸਾਲ ਦਾ ਅਤੇ ਪੁੱਤਰ ਪੋਤਿਆਂ ਵਾਲਾ ਹੋ ਚੁੱਕਾ ਸੀ। ਜਦੋਂ ਵੀ ਮੱਘਰ ਸਿੰਘ ਦੀ ਮਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਦੇਗ ਜਾਂ ਪਤਾਸੇ ਮਿਲਦੇ ਤਾਂ ਆ ਕੇ ਸਾਰੇ ਪਰਵਾਰ ਨੂੰ ਵੰਡ ਦਿੰਦੀ ਸੀ। ਇੱਕ ਦਿਨ ਮੱਘਰ ਸਿੰਘ ਆਪਣੇ ਕਮਰੇ ਵਿੱਚ ਬੈਠਾ ਟੀ ਵੀ ਵੇਖ ਰਿਹਾ ਸੀ, ਅਚਾਨਕ ਬੂਹਾ ਖੁੱਲ੍ਹਿਆ ਤਾਂ ਵੇਖਿਆ ਕਿ ਮਾਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਆਈ ਸੀ। ਇਸ ਲਈ ਮੱਘਰ ਸਿੰਘ ਨੇ ਦੇਗ ਲੈਣ ਲਈ ਮਾਂ ਅੱਗੇ ਆਪਣੇ ਹੱਥਾਂ ਦਾ ਬੁੱਕ ਬਣਾ ਕੇ ਪੇਸ਼ ਕਰ ਦਿੱਤਾ।

ਮਾਂ ਨੇ ਮੱਘਰ ਸਿੰਘ ਦੇ ਹੱਥਾਂ ਤੇ ਦੇਗ ਧਰਦਿਆਂ ਕਿਹਾ, "ਅੱਜ ਬਾਬੇ ਨੇ ਪਤਾਸਿਆਂ ਤੋਂ ਬਿਨਾਂ ਇੱਕ ਲੱਡੂ ਵੀ ਦੇ ਦਿੱਤਾ। ਲੈ ਫੜ ਇਸ ਨੂੰ ਚੁੱਪ ਕਰ ਕੇ ਇਥੇ ਹੀ ਖਾ ਲੈ। ਐਵੇਂ ਨਾ ਜੁਆਕਾਂ ਵਿੱਚ ਵੰਡ ਦਈਂ। ਉਨ੍ਹਾਂ ਨੂੰ ਮੈਂ ਪਤਾਸੇ ਵੰਡ ਦਿਆਂਗੀ।" ਅੱਜ ਮੱਘਰ ਸਿੰਘ ਆਪਣੀ ਪਿੱਛੇ ਵੱਲ ਮੁੜੀ ਮਾਂ ਵੱਲ ਅਤੇ ਕਿਤੇ ਹੱਥ ਵਿਚਲੇ ਲੱਡੂ ਵੱਲ ਵੇਖੀ ਜਾਂਦੀ ਸੀ ਅਤੇ ਸੋਚਦਾ ਸੀ ਕਿ ਅੱਜ ਵੀ ਨੱਬੇ ਸਾਲ ਦੀ ਮਾਂ ਅੰਦਰ ਮੇਰੇ ਲਈ ਕਿੰਨੀ ਮਮਤਾ ਏ।

## ਆਲੇ ਵਾਲੀ ਚਿੱਠੀ

-ਬਹਾਦਰ ਸਿੰਘ ਗੋਸਲ

ਪਿਛਲੇ ਸਮਿਆਂ ਵਿੱਚ ਸਾਡੇ ਪਿੰਡਾਂ ਵਿੱਚ ਕਈ ਬੜੀਆਂ ਅਜੀਬ ਘਟਨਾਵਾਂ ਵਾਪਰ ਜਾਂਦੀਆਂ ਸਨ ਜਿਹੜੀਆਂ ਸਦਾ ਲਈ ਲੋਕਾਂ ਦੀਆਂ ਯਾਦਾਂ ਵਿੱਚ ਵਸ ਜਾਂਦੀਆਂ ਹਨ। ਇਸੇ ਤਰ੍ਹਾਂ ਦੀ ਘਟਨਾ ਇੱਕ ਪਿੰਡ ਵਿੱਚ ਵਾਪਰੀ, ਜਦੋਂ ਇੱਕ ਕੁੜੀ ਦਾ ਬਚਪਨ ਵਿੱਚ ਕਿਤੇ ਰਿਸ਼ਤਾ ਕਰ ਦਿੱਤਾ ਗਿਆ। ਮੁੰਡੇ ਵਾਲਿਆਂ ਦਾ ਖਾਨਦਾਨ ਚੰਗਾ ਪੜ੍ਹਿਆ ਲਿਖਿਆ ਸੀ ਅਤੇ ਕੁੜੀ ਬਿਲਕੁਲ ਅਨਪੜ੍ਹ ਸੀ। ਜਦੋਂ ਕੁੜੀ ਵੱਡੀ ਹੋਈ ਤਾਂ ਕੁੜੀ ਨੂੰ ਵੇਖਣ ਆਉਣ ਲਈ ਮੁੰਡੇ ਵਾਲਿਆਂ ਨੇ ਅਜੀਬ ਜਿਹੀ ਸ਼ਰਤ ਰੱਖ ਦਿੱਤੀ। ਕੁੜੀ ਦੇ ਪਰਵਾਰ ਵਾਲਿਆਂ ਨੂੰ ਚਿੰਤਾ ਹੋਣ ਲੱਗੀ ਤਾਂ ਕੁੜੀ ਦੇ ਪਿਤਾ ਨੇ ਇੱਕ ਚਿੱਠੀ ਲਿਖ ਕੇ ਕੁੜੀ ਨੂੰ ਉਹ ਚਿੱਠੀ ਪੂਰੀ ਜ਼ੁਬਾਨੀ ਯਾਦ ਕਰਵਾ ਦਿੱਤੀ ਅਤੇ ਘਰ ਵਿੱਚ ਇੱਕ ਆਲੇ ਵਿੱਚ ਰੱਖ ਦਿੱਤੀ ਅਤੇ ਕੁੜੀ ਨੂੰ ਤਾਕੀਦ ਕੀਤੀ ਕਿ ਉਹ ਉਸ ਆਲੇ ਵਾਲੀ ਚਿੱਠੀ ਨੂੰ ਰੋਜ਼ ਜ਼ੁਬਾਨੀ ਬੋਲਿਆ ਕਰੇ ਤਾਂ ਕਿ ਉਸ ਨੂੰ ਕੋਈ ਅੱਖਰ ਭੁੱਲੇ ਨਾ।

ਕਈ ਦਿਨਾਂ ਬਾਅਦ ਜਦੋਂ ਮੁੰਡੇ ਵਾਲੇ ਕੁੜੀ ਨੂੰ ਵੇਖਣ ਆਏ ਤਾਂ ਉਨ੍ਹਾਂ ਨੇ ਕੁੜੀ ਦੀ ਪੜ੍ਹਾਈ ਬਾਰੇ ਪੁੱਛਿਆ। ਕੁੜੀ ਦੇ ਬਾਪੂ ਨੇ ਕਿਹਾ, "ਜੀ ਅਸੀਂ ਕੁੜੀਆਂ ਨੂੰ ਸਕੂਲ ਨਹੀਂ ਭੇਜਦੇ, ਪਰ ਕੁੜੀ ਘਰੇ ਪੜ੍ਹਨਾ ਸਿਖ ਗਈ ਹੈ। ਇਹ ਚਿੱਠੀ-ਪੱਤਰ ਚੰਗਾ ਪੜ੍ਹ ਲੈਂਦੀ ਹੈ।"

ਮੁੰਡੇ ਦੇ ਪਿਤਾ ਨੇ ਆਪਣੀ ਜੇਬ ਵਿੱਚੋਂ ਇੱਕ ਲਿਖੀ ਹੋਈ ਚਿੱਠੀ ਕੁੜੀ ਨੂੰ ਫੜਾਉਂਦਿਆਂ ਕਿਹਾ, "ਲੈ ਪੁੱਤਰ, ਇਹ ਚਿੱਠੀ ਪੜ੍ਹ ਕੇ ਸੁਣਾਓ।"

ਇਹ ਸੁਣ ਕੇ ਕੁੜੀ ਵਾਲਿਆਂ ਦਾ ਪਰਵਾਰ ਹੈਰਾਨ ਹੋ ਕੇ ਸੋਚਣ ਲੱਗਾ ਕਿ ਕੀ ਬਣੇਗਾ? ਕੁੜੀ ਨੇ ਸ਼ਰਮਾਉਂਦੇ ਹੋਏ ਕਿਹਾ, "ਜੀ ਨਹੀਂ ਮੈਂ ਆਲੇ ਵਾਲੀ ਚਿੱਠੀ ਪੜ੍ਹਾਂਗੀ।" ਉਹ ਉਠ ਕੇ ਆਲੇ ਤੋਂ ਚਿੱਠੀ ਲਿਆਈ ਤੇ ਬੋਲ ਕੇ ਸੁਣਾ ਦਿੱਤੀ।"

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd
Mcvean Dr
Gore Rd
Squire Ellis Dr
Countryside Dr

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care

MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਬੇਅਦਬੀ ਕਾਂਡ ਤੇ ਗੋਲੀ ਕਾਂਡ ਦੀ ਜਾਂਚ ਨਾਲ ਅਕਾਲੀਆਂ ਨੂੰ ਕਾਂਬਾ ਛਿੜਿਆ

ਚੰਡੀਗੜ੍ਹ, 31 ਜਨਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਪਿੱਛੋਂ ਬੇਅਦਬੀ ਕਾਂਡ ਦਾ ਮੁੱਦਾ ਧੁਖਣ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿੱਚ ਘਬਰਾਹਟ ਪਾਈ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਜਿਸ ਤਰ੍ਹਾਂ ਤੇਜ਼ੀ ਨਾਲ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਹੋਰ ਧਾਰਾਵਾਂ ਜੋੜੀਆਂ ਹਨ, ਉਸ ਤੋਂ ਜਾਂਚ ਦਾ ਸੇਕ ਪੰਜਾਬ ਪੁਲਸ ਦੇ ਸੀਨੀਅਰ ਅਫਸਰਾਂ ਤੇ ਅਕਾਲੀ ਦਲ ਦੇ ਆਗੂਆਂ ਤੱਕ ਪਹੁੰਚਣ ਦਾ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਰਣਨੀਤੀ ਤਹਿਤ ਬਹਿਬਲ ਕਲਾਂ ਗੋਲੀ ਕਾਂਡ ਅਤੇ ਬੇਅਦਬੀ ਦੇ ਮਾਮਲਿਆਂ ਨੂੰ ਮੁੜ ਤੋਂ ਸੁਰਖੀਆਂ ਵਿੱਚ ਲਿਆਂਦਾ ਗਿਆ ਹੈ।

ਇਸ ਬਾਰੇ ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਐਡੀਸ਼ਨਲ ਡੀ ਜੀ ਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ 'ਸਿੱਟ' ਵੱਲੋਂ ਅਕਾਲੀ ਭਾਜਪਾ ਸਰਕਾਰ ਸਮੇਂ ਏ ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਹੇਠ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਕਾਇਮ ਕੀਤੀ 'ਸਿੱਟ' ਦੇ ਕੰਮ ਕਾਰ ਦਾ ਵੀ ਮੁਲੰਕਣ ਕੀਤਾ ਜਾ ਰਿਹਾ ਹੈ। ਪੁਲਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਕ ਸੀਨੀਅਰ ਪੁਲਸ ਅਧਿਕਾਰੀ ਦੇ ਇਸ਼ਾਰੇ 'ਤੇ ਅਕਾਲੀਆਂ ਵੱਲੋਂ ਕਾਇਮ ਕੀਤੀ 'ਸਿੱਟ' ਨੇ ਤਫਤੀਸ਼ ਇਕ ਤਰ੍ਹਾਂ ਨਾਲ ਮੁਕੰਮਲ ਹੀ ਨਹੀਂ ਸੀ ਕੀਤੀ। ਕੈਪਟਨ ਸਰਕਾਰ ਵੱਲੋਂ ਕਾਇਮ ਕੀਤੀ 'ਸਿੱਟ' ਵੱਲੋਂ ਸਹੋਤਾ ਦੀ ਅਗਵਾਈ ਹੇਠਲੀ ਸਿੱਟ ਤੋਂ ਵੀ ਜਾਂਚ ਸਬੰਧੀ ਤੱਥ ਪੁੱਛੇ ਜਾਣਗੇ। ਪੁਲਸ ਅਧਿਕਾਰੀ ਵੱਲੋਂ ਪਰਦਾਪੋਸ਼ੀ ਕਰਨ ਦੇ ਯਤਨਾਂ ਦਾ ਇਹ ਮਾਮਲਾ ਵੀ ਅਕਾਲੀਆਂ ਦੀ ਸਿਰਦਰਦੀ ਵਧਾ ਸਕਦਾ ਹੈ।



ਪੰਜਾਬ ਵਿੱਚ ਲੋਕ ਸਭਾ ਦੀਆਂ ਚੋਣਾਂ ਲਈ ਵੋਟਾਂ ਅਪ੍ਰੈਲ ਮਹੀਨੇ 'ਚ ਪੈਣ ਦੀ ਆਸ ਹੈ ਤੇ ਚੋਣਾਂ ਦਾ ਮਾਹੌਲ ਗਰਮ ਹੋਣਾ ਸ਼ੁਰੂ ਹੋ ਗਿਆ ਹੈ। ਕਾਂਗਰਸ ਤੇ ਆਮ ਆਦਮੀ ਪਾਰਟੀ ਸਮੇਤ ਹੋਰਨਾਂ ਵਿਰੋਧੀ ਪਾਰਟੀਆਂ ਖਾਸ ਕਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠਲੇ ਅਕਾਲੀ ਦਲ ਤੇ ਸੁਖਪਾਲ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਨੇ ਵੀ ਅਕਾਲੀਆਂ ਖਾਸ ਕਰ ਬਾਦਲ ਪਰਵਾਰ ਨੂੰ ਬੇਅਦਬੀ ਦੇ ਮਾਮਲੇ 'ਤੇ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ 'ਸਿੱਟ' ਵੱਲੋਂ ਸਾਬਕਾ ਤੇ ਮੌਜੂਦਾ ਪੁਲਸ ਅਫਸਰਾਂ ਨੂੰ ਗ੍ਰਿਫਤਾਰੀ ਦੇ ਸਿਲਸਿਲੇ ਤੋਂ ਹਾਕਮ ਧਿਰ ਦੇ ਆਗੂਆਂ ਵੱਲੋਂ ਰਾਹਤ ਮਹਿਸੂਸ ਕੀਤੀ ਜਾ ਰਹੀ ਹੈ। ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਪਿੱਛੋਂ ਲਗਾਤਾਰ ਸਿਆਸੀ ਪੱਖੋਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੀ ਗੱਡੀ ਲਹਿ 'ਤੇ ਲਿਆਉਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਵਿਧਾਨ ਸਭਾ ਹਲਕਾ ਵਾਰ ਜਨਤਕ ਤੇ ਵਰਕਰਾਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਆਰੰਭ ਕੀਤਾ ਸੀ। ਪੁਲਸ ਦੀ ਤਾਜ਼ਾ ਸਰਗਰਮੀ ਨੇ ਅਕਾਲੀ ਦਲ ਦੇ ਆਗੂਆਂ ਨੂੰ ਸੋਚੀਂ ਪਾ ਦਿੱਤਾ ਹੈ ਅਤੇ ਕਈ ਸੀਨੀਅਰ ਨੇਤਾਵਾਂ ਨੇ ਦੱਬਵੀਂ ਸੁਰ ਵਿੱਚ ਮੰਨਿਆ ਕਿ ਪਾਰਲੀਮੈਂਟ ਚੋਣਾਂ ਦੇ ਮੈਦਾਨ ਵਿੱਚ ਬੇਅਦਬੀ ਅਤੇ ਗੋਲੀ ਕਾਂਡ ਦਾ ਮੁੱਦਾ ਭਖਣ ਨਾਲ ਮੁਸ਼ਕਲਾਂ ਵਧ ਰਹੀਆਂ ਹਨ।

## ਅਤੇ ਫਿਰ ਉਹ ਆਪਣੇ ਪ੍ਰੇਮੀ ਦੀ ਮਾਂ ਬਣ ਗਈ

ਸੰਗਰੂਰ, 31 ਜਨਵਰੀ (ਪੋਸਟ ਬਿਊਰੋ)- ਵਿਦੇਸ਼ ਜਾਣ ਲਈ ਸਕੇ ਭਰਾ-ਭੈਣ ਵੱਲੋਂ ਵਿਆਹ ਕਰਨ ਦਾ ਮੁੱਦਾ ਅਜੇ ਠੰਢਾ ਨਹੀਂ ਹੋਇਆ ਕਿ ਇੱਕ 23 ਸਾਲਾ ਲੜਕੀ ਵੱਲੋਂ 66 ਸਾਲ ਦੇ ਬਜ਼ੁਰਗ ਨਾਲ ਵਿਆਹ ਕਰਨ ਦਾ ਕੇਸ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸੋਸ਼ਲ ਮੀਡੀਆ ਉੱਤੇ ਇਸ ਵਿਆਹ ਦੀਆਂ ਫੋਟੋ ਸ਼ੇਅਰ ਹੋ ਰਹੀਆਂ ਹਨ। ਵਿਆਹ ਦੀ ਅਸਲ ਸੱਚਾਈ ਪਤਾ ਨਹੀਂ ਲੱਗੀ ਅਤੇ ਨਾ ਦੋਵਾਂ ਪਰਵਾਰਾਂ ਨੇ ਇਸ ਦੇ ਕਾਰਨਾਂ ਬਾਰੇ ਗੱਲ ਕੀਤੀ ਹੈ, ਪ੍ਰੰਤੂ ਸੋਸ਼ਲ ਮੀਡੀਆ 'ਤੇ ਇਸ ਵਿਆਹ ਨੂੰ ਲੈ ਕੇ ਬਹਿਸ ਛਿੜ ਗਈ ਹੈ। ਲੋਕਾਂ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਦਾ ਬਾਜ਼ਾਰ ਗਰਮ ਹੈ।

ਅਸਲ ਵਿੱਚ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿੱਚ ਹੋਏ ਇਸ ਵਿਆਹ ਬਾਰੇ ਸੋਸ਼ਲ ਮੀਡੀਆ 'ਤੇ ਕਿਆਸ ਲਾਏ ਜਾ ਰਹੇ ਹਨ ਕਿ ਲੜਕੀ ਬਜ਼ੁਰਗ ਨਾਲ ਨਹੀਂ, ਉਸ ਦੇ ਬੇਟੇ ਨਾਲ ਪ੍ਰੇਮ ਵਿਆਹ ਕਰਨਾ ਚਾਹੁੰਦੀ ਸੀ, ਪ੍ਰੰਤੂ ਉਹ ਵਿਆਹਿਆ ਹੋਇਆ



ਅਤੇ ਉਸ ਦੇ ਬੱਚੇ ਹਨ। ਆਪਣੀ ਪਤਨੀ ਨਾਲ ਉਸ ਦਾ ਝਗੜਾ ਚੱਲਦਾ ਹੈ। ਇਸ ਦੇ ਬਾਅਦ ਲੜਕੀ ਨੇ ਬਜ਼ੁਰਗ ਨਾਲ ਵਿਆਹ ਕਰ ਲਿਆ। ਇਸ ਦੇ ਲਈ ਲੜਕੀ ਦੇ ਪਰਵਾਰ ਵਾਲਿਆਂ ਨੇ ਵੀ ਸਹਿਮਤੀ ਦੇ ਦਿੱਤੀ ਸੀ। ਕੁਝ ਲੋਕਾਂ ਦਾ ਕਹਿਣਾ ਹੈ ਕਿ ਬਜ਼ੁਰਗ ਦੀ ਚਾਰ ਏਕੜ ਜ਼ਮੀਨ ਲਈ ਇਸ ਲੜਕੀ ਨੇ ਉਮਰ ਦੇ ਬੰਧਨ ਤੋੜ ਕੇ ਵਿਆਹ ਕਰ ਲਿਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਲੜਕੀ ਦਾ ਇਹ ਦੂਸਰਾ ਵਿਆਹ ਹੈ। ਬਜ਼ੁਰਗ ਦੀ ਚਾਰ ਏਕੜ ਜ਼ਮੀਨ ਕਾਰਨ ਲੜਕੀ ਦਾ ਪਰਵਾਰ ਉਸ ਦਾ ਵਿਆਹ ਬਜ਼ੁਰਗ ਨਾਲ ਕਰਵਾਉਣ ਲਈ ਸਹਿਮਤ ਹੋ ਗਿਆ ਹੈ।

## ਅਸਲੇ ਦੀ ਦੁਕਾਨ ਉੱਤੇ ਡਾਕਾ ਮਾਰਨ ਵਾਲਾ ਗਿਰੋਹ ਫੜ ਲਿਆ

ਬਰਨਾਲਾ, 31 ਜਨਵਰੀ (ਪੋਸਟ ਬਿਊਰੋ)- ਪੁਲਸ ਨੇ ਪਿਛਲੇ ਦਿਨੀਂ ਤਪਾ ਵਿਖੇ ਅਸਲੇ ਦੀ ਦੁਕਾਨ 'ਤੇ ਡਾਕਾ ਮਾਰ ਕੇ ਅਸਲਾ ਲੁੱਟਣ ਵਾਲਾ ਗਿਰੋਹ ਨੂੰ ਕਾਬੂ ਕਰ ਲਿਆ ਗਿਆ ਹੈ।

ਇਸ ਬਾਰੇ ਪ੍ਰੈਸ ਕਾਨਫਰੰਸ ਦੌਰਾਨ ਜ਼ਿਲਾ ਪੁਲਸ ਮੁਖੀ ਹਰਜੀਤ ਸਿੰਘ ਨੇ ਦੱਸਿਆ ਕਿ 25-26 ਜਨਵਰੀ ਦੀ ਰਾਤ ਨੂੰ ਤਪਾ ਵਿਖੇ ਨਾਇਬ ਆਰਮਜ਼ ਕੰਪਨੀ ਦੇ ਗੰਨ ਹਾਊਸ 'ਤੇ ਡਾਕਾ ਮਾਰ ਕੇ ਮੁਲਜ਼ਮਾਂ ਨੇ 14 ਹਥਿਆਰ, ਕਾਰਤੂਸ ਤੇ ਨਕਦੀ ਲੁੱਟੀ ਸੀ। ਉਨ੍ਹਾਂ ਦੱਸਿਆ ਕਿ ਇਸ ਵਾਰਦਾਤ ਨੂੰ ਹੱਲ ਕਰਨ ਲਈ ਪੁਲਸ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਸਨ, ਜਿਸ ਤੋਂ ਬਾਅਦ ਸੀ ਆਈ ਏ ਸਟਾਫ ਦੇ ਇੰਚਾਰਜ ਬਲਜੀਤ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਨੇ ਮੁਲਜ਼ਮਾਂ ਨੂੰ ਲੁੱਟੇ ਅਸਲੇ ਸਣੇ ਫੜ ਲਿਆ। ਉਨ੍ਹਾਂ ਦੱਸਿਆ ਕਿ ਲੁੱਟ ਦੀ ਵਾਰਦਾਤ ਦੋ ਮੋਟਰ ਸਾਈਕਲਾਂ ਉਤੇ ਆਏ ਛੇ ਜਣਿਆਂ ਨੇ ਕੀਤੀ ਸੀ, ਜਿਨ੍ਹਾਂ 'ਚੋਂ ਲਵਪ੍ਰੀਤ ਸਿੰਘ ਉਰਫ ਲਵੀ, ਰਾਮਪ੍ਰੀਤ ਸਿੰਘ, ਗੋਲੂ ਸਿੰਘ ਉਰਫ ਗੋਲੂ, ਕਰਮਜੀਤ ਸਿੰਘ ਉਰਫ ਕਰਮਾ, ਮਨਜੀਤ ਸਿੰਘ ਉਰਫ ਮਨੀ ਪਿੰਡ ਜਿਊਂਦ (ਬਠਿੰਡਾ) ਸ਼ਾਮਲ ਹਨ। ਐਸ ਐਸ ਪੀ ਹਰਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਵੱਲੋਂ ਲੁੱਟੇ ਮਾਲ ਨੂੰ ਸੰਭਾਲ ਕੇ ਰੱਖਣ ਦੇ ਦੋਸ਼ 'ਚ ਲਵਪ੍ਰੀਤ ਸਿੰਘ ਦੇ ਪਿਤਾ ਜਸਵੰਤ ਸਿੰਘ ਨੂੰ ਵੀ ਕਾਬੂ ਕਰ ਕੇ ਉਸ ਕੋਲੋਂ ਲੁੱਟੀ ਗਈ ਨਕਦੀ 'ਚੋਂ 15 ਹਜ਼ਾਰ ਰੁਪਏ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ 'ਚੋਂ ਜਸਪਾਲ ਸਿੰਘ ਉਰਫ ਜੱਸੀ ਵਾਸੀ ਪਿੰਡ ਜੈਦ (ਬਠਿੰਡਾ) ਫਰਾਰ ਹੈ। ਐਸ ਐਸ ਪੀ ਅਨੁਸਾਰ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਪੁੱਛਗਿੱਛ ਦੌਰਾਨ ਮੁਲਜ਼ਮਾਂ ਤੋਂ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਭਾਜਪਾ ਚੋਣਾਂ ਨੇੜੇ ਕੈਨੇਡਾ ਤੇ ਬ੍ਰਿਟੇਨ ਵਿਚਲੇ ਕੱਟੜਪੰਥੀ ਸਿੱਖਾਂ ਨੂੰ ਭਰਮਾਉਣ ਤੁਰ ਪਈ

ਜਲੰਧਰ, 31 ਜਨਵਰੀ (ਪੋਸਟ ਬਿਊਰੋ)- ਇਸ ਵਕਤ ਜਦੋਂ ਅਗਲੀਆਂ ਲੋਕ ਸਭਾ ਚੋਣਾਂ ਨੇੜੇ ਆ ਗਈਆਂ ਹਨ ਤਾਂ ਇਸ ਦਾ ਧਿਆਨ ਕਰ ਕੇ ਭਾਰਤੀ ਜਨਤਾ ਪਾਰਟੀ ਫਿਰ ਸੱਤਾ 'ਤੇ ਕਾਬਜ਼ ਹੋਣ ਦਾ ਹਰ ਸੰਭਵ ਯਤਨ ਕਰ ਰਹੀ ਹੈ। ਇਸੇ ਕੜੀ ਵਿੱਚ ਭਾਜਪਾ ਕੈਨੇਡਾ ਅਤੇ ਬ੍ਰਿਟੇਨ ਵਿਚਲੇ ਕੱਟੜਪੰਥੀ ਸਿੱਖ ਨੇਤਾਵਾਂ ਨਾਲ ਸੰਪਰਕ ਕਰ ਰਹੀ ਹੈ।

ਮਿਲ ਰਹੀਆਂ ਖਬਰਾਂ ਅਨੁਸਾਰ ਸੀਨੀਅਰ ਭਾਜਪਾ ਨੇਤਾ ਰਾਮ ਮਾਧਵ ਇਸ ਕੰਮ ਦ ਜ਼ਿੰਮੇਵਾਰੀ ਨਿਭਾ ਰਹੇ ਹਨ। ਪਤਾ ਲੱਗਾ ਹੈ ਕਿ ਭਾਜਪਾ ਦੋ ਪੜਾਵੀ ਰਣਨੀਤੀ ਹੇਠ ਜਿੱਥੇ ਇੱਕ ਪਾਸੇ ਭਾਰਤ ਵਿਰੋਧੀ ਤੱਤਾਂ ਦਾ ਪਰਦਾ ਫਾਸ਼ ਕਰ ਕੇ ਉਨ੍ਹਾਂ ਨੂੰ ਲੋਕਾਂ ਸਾਹਮਣੇ ਲਿਆ ਰਹੀ ਹੈ, ਜਿਸ ਵਿੱਚ ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਵਿੱਚ ਸਿੱਖਸ ਫਾਰ ਜਸਟਿਸ ਦਾ ਗਰੁੱਪ ਭਾਰਤ ਵਿਰੋਧੀ ਕੰਮ ਕਰ ਰਿਹਾ ਹੈ, ਉਥੇ ਦੂਜੇ ਪਾਸੇ ਭਾਜਪਾ ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਪਹਿਲਾਂ ਖਾਲਿਸਤਾਨ ਅੰਦੋਲਨ 'ਚ ਸ਼ਾਮਲ ਰਹਿ ਚੁੱਕੇ ਸਨ। ਪੱਛਮੀ ਦੇਸ਼ਾਂ 'ਚ ਰਹਿਣ ਵਾਲੇ ਵੱਖ-ਵੱਖ ਹੋਏ ਸਿੱਖ ਗਰੁੱਪਾਂ ਨੂੰ ਭਾਜਪਾ ਨੇ ਹਮੇਸ਼ਾ ਵੱਖ-ਵੱਖ ਸੰਦੇਸ਼ ਦਿੱਤੇ ਹਨ। ਪਤਾ ਲੱਗਾ ਹੈ ਕਿ ਪਾਰਟੀ ਨੇ ਲੰਮੇ ਸਮੇਂ ਤੋਂ ਇਨ੍ਹਾਂ ਵੱਖ-ਵੱਖ ਗਰੁੱਪਾਂ ਬਾਰੇ




ਆਪਣੀ ਚਿੰਤਾ ਪ੍ਰਗਟ ਕੀਤੀ ਹੈ।

ਇੱਕ ਜਾਣਕਾਰ ਸੂਤਰ ਦੇ ਮੁਤਾਬਕ 2015 ਤੋਂ ਬਾਅਦ ਇਨ੍ਹਾਂ ਗਰੁੱਪਾਂ ਨਾਲ ਭਾਜਪਾ ਵਾਲਿਆਂ ਦੀ ਗੱਲਬਾਤ ਜਾਰੀ ਹੈ। ਦੱਸਿਆ ਜਾਂਦਾ ਹੈ ਕਿ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਪਿੱਛੋਂ ਕੇਂਦਰ ਸਰਕਾਰ ਨੇ ਇਨ੍ਹਾਂ ਗਰੁੱਪਾਂ ਤੱਕ ਪਹੁੰਚ ਬਣਾਉਣ ਦੀ ਰਣਨੀਤੀ ਬਣਾਈ ਸੀ ਤੇ ਇਨ੍ਹਾਂ ਗਰੁੱਪਾਂ ਦਾ ਦਿਲ ਜਿੱਤਣਾ ਨਰਿੰਦਰ ਮੋਦੀ ਸਰਕਾਰ ਲਈ ਪ੍ਰਮੁੱਖ ਕੰਮ ਸੀ, ਕਿਉਂਕਿ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਪੱਛਮੀ ਵਿੱਚ ਵੱਸੇ ਵਿਦੇਸ਼ੀ ਸਿੱਖਾਂ ਨੇ 'ਆਪ' ਨੂੰ ਕਾਫੀ ਸਮਰਥਨ ਦਿੱਤਾ ਸੀ। ਪੰਜਾਬ 'ਚ ਖਾੜਕੂਵਾਦ ਵੇਲੇ ਵੱਡੀ ਗਿਣਤੀ ਵਿੱਚ ਸਿੱਖਾਂ ਨੇ ਵਿਦੇਸ਼ਾਂ ਵਿੱਚ ਰਾਜਸੀ ਪਨਾਹ ਲਈ ਸੀ। ਮੋਦੀ ਸਰਕਾਰ ਨੇ ਇਹ ਵੀ ਮਹਿਸੂਸ ਕੀਤਾ ਕਿ ਸਿਆਸੀ ਪਨਾਹ ਲਈ ਵਿਦੇਸ਼ਾਂ 'ਚ ਵੱਸੇ ਸਾਰੇ ਸਿੱਖ ਨਾ ਸਿਆਸੀ ਪੱਖੋਂ ਸਰਗਰਮ ਹਨ ਤੇ ਨਾ ਕੱਟੜਪੰਥੀ ਹਨ, ਉਹ ਸਿਰਫ ਕਾਰੋਬਾਰ ਸੈੱਟ ਕਰਨ ਲਈ ਓਥੇ ਵੱਸੇ ਸਨ। ਬ੍ਰਿਟੇਨ ਦੇ ਕੱਟੜਪੰਥੀ ਜਸਦੇਵ ਸਿੰਘ ਰਾਏ ਨੂੰ ਭਾਜਪਾ ਨੇ ਪਹਿਲਾਂ ਹੀ ਇਸ ਵਿੱਚ ਸ਼ਾਮਲ ਕਰ ਰੱਖਿਆ ਹੈ, ਜੋ ਲੰਡਨ 'ਚ ਸਿੱਖ ਹਿਊਮਨ ਰਾਈਟਸ ਗਰੁੱਪ ਦਾ ਡਾਇਰੈਕਟਰ ਹੈ। ਰਾਏ ਨੇ ਰਾਮ ਮਾਧਵ ਅਤੇ ਕੱਟੜਪੰਥੀ ਸਿੱਖਾਂ ਵਿਚਾਲੇ ਮੁਲਾਕਾਤ ਕਰਾਈ ਹੈ ਜਿਸ ਦੇ ਕੁਝ ਨਤੀਜੇ ਵੀ ਦਿੱਸ ਰਹੇ ਹਨ, ਜਿਸ ਦੇ ਤਹਿਤ ਪਾਰਟੀ ਉਨ੍ਹਾਂ ਸਿੱਖਾਂ ਲਈ ਕੁਝ ਠੋਸ ਸਮਝੌਤਾ ਲੈ ਕੇ ਅੱਗੇ ਜਾਵੇਗੀ, ਜਿਨ੍ਹਾਂ 'ਤੇ ਭਾਰਤ ਪਰਤਣ ਦੀ ਪਾਬੰਦੀ ਲੱਗੀ ਹੋਈ ਹੈ। ਸੂਤਰਾਂ ਦੀ ਮੰਨੀਏ ਤਾਂ ਸਰਕਾਰ ਉਨ੍ਹਾਂ ਕਾਲੀ ਸੂਚੀ ਦੀ ਗੰਭੀਰਤਾ ਨਾਲ ਸਮੀਖਿਆ ਕਰ ਰਹੀ ਹੈ, ਜਿਸ ਵਿੱਚ ਕਈ ਲੋਕਾਂ 'ਤੇ ਖਾਲਿਸਤਾਨੀ ਅੰਦੋਲਨ 'ਚ ਸ਼ਾਮਲ ਹੋਣ ਦੇ ਕਾਰਨ 'ਤੇ ਪਾਬੰਦੀ ਲੱਗੀ ਹੈ।

ਇਸ ਤੋਂ ਇਲਾਵਾ ਦਿੱਲੀ ਵਿੱਚ ਭਾਜਪਾ ਨੇ ਸਿੱਖ ਵਿਰੋਧੀ ਦੰਗਿਆਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਕੇਸ ਵਿੱਚ ਤੇਜ਼ੀ ਲਿਆਉਣ ਦੀ ਨੀਤੀ ਬਣਾਈ ਹੈ ਤੇ ਸੱਜਣ ਕੁਮਾਰ ਜਿਹੇ ਲੋਕ ਇਸੇ ਨੀਤੀ ਦਾ ਹਿੱਸਾ ਹੈ। ਭਾਜਪਾ ਕਈ ਸਾਲਾਂ ਤੋਂ ਕਾਨੂੰਨ ਦੀ ਪਕੜ ਤੋਂ ਬਚ ਰਹੇ ਸੱਜਣ ਕੁਮਾਰ ਨੂੰ ਸਜ਼ਾ ਹੋਣ ਦਾ ਕ੍ਰੈਡਿਟ ਵੀ ਲੈ ਰਹੀ ਹੈ। ਉਹ ਇਸ ਕਦਮ ਨਾਲ ਯਕੀਨੀ ਕਰਨਾ ਚਾਹੁੰਦੀ ਹੈ ਕਿ ਘੱਟਗਿਣਤੀ ਫਿਰਕਿਆਂ, ਖਾਸ ਕਰ ਕੇ ਸਿੱਖਾਂ ਨੂੰ ਉਹ ਇੱਕੋ ਨਜ਼ਰ ਨਾਲ ਦੇਖਦੀ ਹੈ।

## ਮਨੀ ਲਾਂਡਰਿੰਗ ਕੇਸ ਵਿੱਚ ਸਾਬਕਾ ਜੇਲ ਮੰਤਰੀ ਸਰਵਣ ਸਿੰਘ ਨੂੰ ਰਾਹਤ ਮਿਲੀ

ਮੋਹਾਲੀ, 31 ਜਨਵਰੀ (ਪੋਸਟ ਬਿਊਰੋ)- ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਸਮੇਂ ਦੇ ਸਾਬਕਾ ਜੇਲ ਮੰਤਰੀ ਸਵਰਨ ਸਿੰਘ ਫਿਲੌਰ ਅਤੇ ਉਨ੍ਹਾਂ ਦੇ ਬੇਟੇ ਦੇ ਖਿਲਾਫ ਸਿੰਥੈਟਿਕ ਡਰੱਗ ਸਮੱਗਲਿੰਗ ਵਾਲੇ ਮਨੀ ਲਾਂਡਰਿੰਗ ਕੇਸ ਵਿੱਚ ਸੁਪਰੀਮ ਕੋਰਟ ਨੇ ਰਾਹਤ ਦੇ ਦਿੱਤੀ ਹੈ। ਕੋਰਟ ਨੇ ਮੋਹਾਲੀ ਵਾਲੀ ਸੀ ਬੀ ਆਈ ਅਦਾਲਤ ਵਿੱਚ ਚੱਲਦੇ ਕੇਸ ਦੀ ਪ੍ਰੋਸੀਡਿੰਗਜ਼ 'ਤੇ ਫਿਲਹਾਲ ਸਟੇਅ ਲਾ ਦਿੱਤੀ ਹੈ। ਸਰਵਣ ਸਿੰਘ ਫਿਲੌਰ ਦੇ ਵਕੀਲ ਐਡਵੋਕੇਟ ਹਰੀਸ਼ ਆਹੂਜਾ ਨੇ ਇਸ ਦੀ ਪੁਸ਼ਟੀ ਕੀਤੀ ਅਤੇ ਦੱਸਿਆ ਕਿ ਜਦੋਂ ਤੱਕ ਸੁਪਰੀਮ ਕੋਰਟ ਵੱਲੋਂ ਕੇਸ ਦਾ ਕੋਈ ਫੈਸਲਾ ਨਹੀਂ ਦਿੱਤਾ ਜਾਂਦਾ, ਤਦ ਤੱਕ ਫਿਲੌਰ ਤੇ ਉਸ ਦੇ ਬੇਟੇ ਖਿਲਾਫ ਸੀ ਬੀ ਆਈ ਦੀ ਅਦਾਲਤ ਵਿੱਚ ਕਾਰਵਾਈ 'ਤੇ ਰੋਕ ਰਹੇਗੀ।

ਮਿਲੀ ਜਾਣਕਾਰੀ ਮੁਤਾਬਕ ਸਰਵਨ ਸਿੰਘ ਫਿਲੌਰ ਨੇ ਸੁਪਰੀਮ ਕੋਰਟ ਵਿੱਚ ਦਰਜ ਕੇਸ ਵਿੱਚ ਕਿਹਾ ਹੈ ਕਿ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਵੱਲੋਂ ਉਨ੍ਹਾਂ ਦੋਵੇਂ ਪਿਓ-ਪੁੱਤਰ ਦੇ ਖਿਲਾਫ ਮਨੀ ਲਾਂਡਰਿੰਗ ਐਕਟ ਦਾ ਝੂਠਾ ਕੇਸ ਦਰਜ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਈ ਡੀ ਨੇ ਕਰੋੜਾਂ ਰੁਪਏ ਦੀ ਡਰੱਗ ਸਮੱਗਲਿੰਗ ਕੇਸ ਵਿੱਚ ਪੰਜਾਬ ਪੁਲਸ ਦੇ ਡਿਸਮਿਸ ਡੀ ਐਸ ਪੀ ਜਗਦੀਸ਼ ਭੋਲਾ ਤੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਪਿੱਛੋਂ ਕਈ ਜਣਿਆਂ ਖਿਲਾਫ ਮਨੀ ਲਾਂਡਰਿੰਗ ਐਕਟ ਦਾ ਕੇਸ ਦਰਜ ਕੀਤਾ ਸੀ। ਉਸ ਕੇਸ ਵਿੱਚ ਸਾਬਕਾ ਜੇਲ ਮੰਤਰੀ ਸਰਵਨ ਸਿੰਘ ਫਿਲੌਰ ਦੇ ਨਾਲ ਉਨ੍ਹਾਂ ਦੇ ਬੇਟੇ ਦਮਨਵੀਰ ਸਿੰਘ ਫਿਲੌਰ ਨੂੰ ਵੀ ਸ਼ਾਮਲ ਕੀਤਾ ਗਿਆ ਸੀ ਤੇ ਉਨ੍ਹਾਂ ਦਾ ਨਾਂਅ ਅਦਾਲਤ ਵਿੱਚ ਪੇਸ਼ ਕੀਤੀ ਚਾਰਜਸ਼ੀਟ ਵਿੱਚ ਵੀ ਸ਼ਾਮਲ ਹੈ। ਕੇਸ ਦੀ ਸੁਣਵਾਈ ਮੋਹਾਲੀ ਸਥਿਤ ਸੀ ਬੀ ਆਈ ਦੀ ਅਦਾਲਤ ਵਿੱਚ ਚੱਲ ਰਹੀ ਹੈ।

## ਇਟਲੀ ਭੇਜਣ ਦੇ ਝਾਂਸੇ ਨਾਲ ਸਾਢੇ ਸੱਤ ਲੱਖ ਠੱਗੇ

ਮੋਗਾ, 31 ਜਨਵਰੀ (ਪੋਸਟ ਬਿਊਰੋ)- ਪਿੰਡ ਜਵਾਹਰ ਸਿੰਘ ਵਾਲਾ ਦੇ ਨੌਜਵਾਨ ਤੇ ਉਸ ਦੀ ਮਾਸੀ ਦੇ ਲੜਕੇ ਨੂੰ ਇਟਲੀ ਭੇਜਣ ਦਾ ਝਾਂਸਾ ਦੇ ਕੇ ਪਠਾਨਕੋਟ ਦੇ ਇੱਕ ਵਿਅਕਤੀ ਨੇ ਸੱਤ ਲੱਖ 50 ਹਜ਼ਾਰ ਰੁਪਏ ਠੱਗ ਲਏ ਹਨ। ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਮੋਗਾ ਦੇ ਸਹਾਇਕ ਥਾਣੇਦਾਰ ਪੂਰਨ ਸਿੰਘ ਨੇ ਦੱਸਿਆ ਕਿ ਜਸਵੀਰ ਕੌਰ ਪਤਨੀ ਅਜੀਤ ਸਿੰਘ ਵਾਸੀ ਜਵਾਹਰ ਸਿੰਘ ਵਾਲਾ (ਮੋਗਾ) ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਸ਼ਿਕਾਇਤ ਦਿੱਤੀ ਸੀ ਕਿ ਸੁਰਜੀਤ ਸਿੰਘ ਉਰਫ ਸੋਨੂ ਵਾਸੀ ਮਲਕਪੁਰ ਜ਼ਿਲ੍ਹਾ ਪਠਾਨਕੋਟ ਨੇ ਉਸ ਦੇ ਲੜਕੇ ਅਤੇ ਉਸ ਦੀ ਭੈਣ ਗੁਰਪ੍ਰੀਤ ਕੌਰ ਵਾਸੀ ਲੋਹਟਬੱਧੀ ਤਹਿਸੀਲ ਰਾਏਕੋਟ ਜ਼ਿਲ੍ਹਾ ਲੁਧਿਆਣਾ ਦੇ ਲੜਕੇ ਨੂੰ ਇਟਲੀ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ ਸੱਤ ਲੱਖ 50 ਹਜ਼ਾਰ ਰੁਪਏ ਦੀ ਠੱਗੀ ਕੀਤੀ। ਪੁਲਸ ਨੇ ਮਾਮਲੇ ਦੀ ਜਾਂਚ ਪੜਤਾਲ ਡੀ ਐੱਸ ਪੀ ਸਿਟੀ ਤੋਂ ਕਰਵਾਉਣ ਦੇ ਬਾਅਦ ਸੁਰਜੀਤ ਸਿੰਘ ਉਰਫ ਸੋਨੂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਜਲੰਧਰ ਵਿੱਚ ਲੜਕੀ ਉੱਤੇ ਕੈਮੀਕਲ ਸੁੱਟਿਆ ਗਿਆ

ਜਲੰਧਰ, 31 ਜਨਵਰੀ (ਪੋਸਟ ਬਿਊਰੋ)- ਸਥਾਨਕ ਪੀ ਏ ਪੀ ਚੌਕ ਦੇ ਕੋਲ ਕੱਲ੍ਹ ਇਕ ਲੜਕੀ ਦੇ ਮੂੰਹ ਉਤੇ ਦੋ ਮੋਟਰ ਸਾਈਕਲ ਸਵਾਰਾਂ ਨੇ ਕੈਮੀਕਲ ਪਾਊਡਰ ਸੁੱਟ ਦਿੱਤਾ, ਜਿਸ ਨਾਲ ਉਸ ਦਾ ਚਿਹਰਾ ਨੁਕਸਾਨਿਆ ਗਿਆ। ਇਸ ਕੈਮੀਕਲ ਪਾਊਡਰ ਨਾਲ ਉਸ ਦੀ ਇਕ ਪਾਸੇ ਦੀ ਅੱਖ, ਗਰਦਨ ਤੇ ਹੋਰ ਥਾਈਂ ਜ਼ਖਮ ਹੋਏ ਹਨ। ਉਸ ਨੂੰ ਰਾਮਾਮੰਡੀ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿਥੇ ਉਹ ਬਤੌਰ ਲੈਬ ਟੈਕਨੀਸ਼ੀਅਨ ਕੰਮ ਕਰਦੀ ਸੀ।

ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ ਉਹ ਆਪਣੇ ਘਰ ਤੋਂ ਹਸਪਤਾਲ ਜਾਣ ਲਈ ਜਦੋਂ ਪੀ ਏ ਪੀ ਚੌਕ ਵਿੱਚ ਆਟੋ ਰਿਕਸ਼ਾ ਬਦਲਣ ਲੱਗੀ ਤਾਂ ਉਸ ਉਤੇ ਕੈਮੀਕਲ ਪਾਊਡਰ ਨਾਲ ਦੋ ਨੌਜਵਾਨਾਂ ਨੇ ਹਮਲਾ ਕਰ ਦਿੱਤਾ। ਚਿਹਰੇ 'ਤੇ ਪਾਊਡਰ ਸੁੱਟੇ ਜਾਣ ਤੋਂ ਪੀੜਤ ਲੜਕੀ ਨੇ ਮੌਕੇ 'ਤੇ ਬਚਾਅ ਲਈ ਰੌਲਾ ਪਾਇਆ, ਪਰ ਕੁਝ ਸਮੇਂ ਬਾਅਦ ਉਹ ਬੇਹੋਸ਼ ਹੋ ਗਈ ਤੇ ਉਸ ਨੂੰ ਇਕ ਆਟੋ ਰਿਕਸ਼ਾ ਵਾਲਾ ਚੁੱਕ ਕੇ ਜੌਹਲ ਹਸਪਤਾਲ ਲੈ ਕੇ ਗਿਆ। ਅਸ਼ਵਨੀ ਨਾਂ ਦੇ ਇਸ ਆਟੋ ਰਿਕਸ਼ਾ ਵਾਲੇ ਨੇ ਦੱਸਿਆ ਕਿ ਜਿਹੜੇ ਦੋ ਨੌਜਵਾਨਾਂ ਨੇ ਲੜਕੀ ਦੇ ਮੂੰਹ 'ਤੇ ਕੈਮੀਕਲ ਪਾਊਡਰ ਸੁੱਟਿਆ ਸੀ, ਉਹ ਬਾਅਦ ਵਿੱਚ ਨੈਸ਼ਨਲ ਹਾਈਵੇਅ 'ਤੇ ਫਗਵਾੜਾ ਵਾਲੇ ਪਾਸੇ ਨੂੰ ਦੌੜ ਗਏ ਸਨ। ਡਾ. ਬੀ ਐਸ ਜੌਹਲ ਨੇ ਦੱਸਿਆ ਕਿ ਲੜਕੀ ਦੇ ਚਿਹਰੇ ਦੇ ਸੱਜੇ ਪਾਸੇ ਇਹ ਕੈਮੀਕਲ ਵਾਲਾ ਪਾਊਡਰ ਪੈਣ ਨਾਲ ਉਸ ਦੀ ਅੱਖ ਅਤੇ ਗਰਦਨ ਦਾ ਨੁਕਸਾਨ ਹੋਇਆ ਹੈ।

## ਢੀਂਡਸਾ ਅਤੇ ਫੂਲਕਾ ਕੌਮੀ ਐਵਾਰਡ ਵਾਪਸ ਨਹੀਂ ਕਰਨਗੇ

ਜਲੰਧਰ, 31 ਜਨਵਰੀ (ਪੋਸਟ ਬਿਊਰੋ)- ਇਸ ਸਾਲ ਗਣਤੰਤਰ ਦਿਵਸ ਮੌਕੇ ਅਕਾਲੀ ਦਲ ਦੇ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ ਨੂੰ ਪਦਮ ਭੂਸ਼ਣ ਅਤੇ ਆਮ ਆਦਮੀ ਪਾਰਟੀ ਦੇ ਸਾਬਕਾ ਨੇਤਾ ਐਡਵੋਕੇਟ ਐਚ ਐਸ ਫੂਲਕਾ ਨੂੰ ਪਦਮ ਸ੍ਰੀ ਐਵਾਰਡ ਦੇਣ ਦਾ ਐਲਾਨ ਹੋਣ ਪਿੱਛੋਂ ਮੀਡੀਆ ਵਿੱਚ ਚਰਚਾ ਹੋਈ ਕਿ ਉਕਤ ਦੋਵੇਂ ਆਗੂ ਆਪਣਾ ਐਵਾਰਡ ਵਾਪਸ ਕਰ ਸਕਦੇ ਹਨ, ਪਰ ਦੋਵਾਂ ਨੇ ਇਸ ਚਰਚਾ ਨੂੰ ਰੱਦ ਕਰਦਿਆਂ ਇਸ ਨੂੰ ਸਿਰਫ ਅਫਵਾਹ ਕਿਹਾ ਹੈ। ਢੀਂਡਸਾ ਨੇ ਕਿਹਾ ਕਿ ਕਿਸੇ ਵੀ ਨਾਗਰਿਕ ਲਈ ਕੌਮੀ ਐਵਾਰਡ ਹਾਸਲ ਕਰਨਾ ਵੱਡਾ ਮਾਣ ਵਾਲੀ ਗੱਲ ਹੁੰਦੀ ਹੈ। ਜਦੋਂ ਵੀ ਕਿਸੇ ਨੂੰ ਕੌਮੀ ਐਵਾਰਡ ਮਿਲਦਾ ਹੈ ਤਾਂ ਕਮੇਟੀ ਉਸ ਕੋਲੋਂ ਰਾਇ ਲੈਂਦੀ ਹੈ। ਉਸ ਤੋਂ ਬਾਅਦ ਹੀ ਇਹ ਐਵਾਰਡ ਪ੍ਰਦਾਨ ਕੀਤਾ ਜਾਂਦਾ ਹੈ। ਇਸ ਹਾਲਤ ਵਿੱਚ ਪੁਰਸਕਾਰ ਲੈਣ ਤੋਂ ਨਾਂਹ ਕਰਨੀ ਜਾਂ ਉਸ ਨੂੰ ਵਾਪਸ ਕਰਨਾ ਗਲਤ ਹੈ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

www.AREA REALTOR.com
Multi Award Winner Realtor
21 CENTURY 21 PRESIDENT
KAMAL SANDHU
Sales Representative
647.891.0143
905.488.2100 ext. 407

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



## ਹਿੰਦੂ ਮਹਾਸਭਾ ਦੀ ਨੇਤਾ ਨੇ ਗਾਂਧੀ ਦੇ ਪੁਤਲੇ ਨੂੰ ਗੋਲੀਆਂ ਮਾਰੀਆਂ

ਅਲੀਗੜ੍ਹ, 31 ਜਨਵਰੀ (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੀ ਬਰਸੀ ਮੌਕੇ ਕੱਲ੍ਹ ਦਿਨ ਅਲੀਗੜ੍ਹ ਵੀ ਅਖਾੜਾ ਬਣਿਆ ਰਿਹਾ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ (ਏ ਐੱਮ ਯੂ) ਦੇ ਵਿਦਿਆਰਥੀਆਂ ਨੇ ਤਿਰੰਗਾ ਯਾਤਰਾ ਕੱਢ ਕੇ ਹਿੰਦੋਸਤਾਨ ਜ਼ਿੰਦਾਬਾਦ, ਆਰ ਐੱਸ ਐੱਸ ਮੁਰਦਾਬਾਦ ਦੇ ਨਾਅਰੇ ਲਾਏ ਅਤੇ ਗੋਡਸੇ ਦੇ ਪੁਤਲੇ ਨੂੰ ਫਾਂਸੀ ਉੱਤੇ ਲਟਕਾਇਆ, ਉਥੇ ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਸ਼ੌਰਿਆ ਦਿਵਸ ਮਨਾਇਆ। ਇਸ ਮੌਕੇ ਜਿਸ ਤਰ੍ਹਾਂ ਤੀਹ ਜਨਵਰੀ 1948 ਨੂੰ ਨੱਥੂ ਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੀ ਤਿੰਨ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ, ਉਨ੍ਹਾਂ ਦੀ ਬਰਸੀ 'ਤੇ ਇੱਕ ਵਾਰ ਫਿਰ ਇਸ ਕਾਂਡ ਨੂੰ ਦੋਹਰਾਇਆ ਗਿਆ। ਅਖਿਲ ਭਾਰਤੀ ਹਿੰਦੂ ਮਹਾਸਭਾ ਦੀ ਰਾਸ਼ਟਰੀ ਸਕੱਤਰ ਡਾਕਟਰ ਪੂਜਾ ਸ਼ਕੁਨ ਪਾਂਡੇ ਨੇ ਗਾਂਧੀ ਦੇ ਪੁਤਲੇ 'ਤੇ ਤਿੰਨ ਸੰਕੇਤਿਕ ਗੋਲੀਆਂ ਮਾਰੀਆਂ, ਫਿਰ ਪੈਟਰੋਲ ਪਾ ਕੇ ਅੱਗ ਲਾਈ। ਇਸ ਬਾਰੇ ਪੁਲਸ ਨੇ 12 ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ।

### ਅਸਾਮ ਧਮਾਕਾ ਕੇਸ:

## ਐਨ ਡੀ ਐਫ ਬੀ ਦੇ ਮੁਖੀ ਤੇ ਨੌਂ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ

ਗੁਹਾਟੀ, 31 ਜਨਵਰੀ (ਪੋਸਟ ਬਿਊਰੋ)- ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਸਾਲ 2008 ਵਿੱਚ ਅਸਾਮ ਵਿੱਚ ਵਾਪਰੇ ਲੜੀਵਾਰ ਬੰਬ ਧਮਾਕਿਆਂ ਦੇ ਕੇਸ ਵਿੱਚ ਨੈਸ਼ਨਲ ਡੈਮੋਕਰੈਟਿਕ ਫਰੰਟ ਆਫ ਬੋਡੋਲੈਂਡ (ਐਨ ਡੀ ਐਫ ਬੀ) ਦੇ ਮੁਖੀ ਰੰਜਨ ਡਾਇਮੇਰੀ ਅਤੇ ਉਸ ਦੀ ਜਥੇਬੰਦੀ ਦੇ ਨੌਂ ਹੋਰਨਾਂ ਮੈਂਬਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਧਮਾਕਿਆਂ ਵਿੱਚ 88 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਐਨ ਡੀ ਐਫ ਬੀ ਦੇ ਮੁਖੀ ਰੰਜਨ ਡਾਇਮੇਰੀ ਨੇ ਕਿਹਾ ਕਿ ਉਹ ਇਸ ਫੈਸਲੇ ਦੇ ਖਿਲਾਫ ਹਾਈ ਕੋਰਟ ਵਿੱਚ ਅਪੀਲ ਕਰਨਗੇ। ਫੈਸਲੇ ਤੋਂ ਫੌਰੀ ਮਗਰੋਂ ਡਾਇਮੇਰੀ ਦੀ ਜ਼ਮਾਨਤ ਰੱਦ ਹੁੰਦਿਆਂ ਸਾਰ ਹੀ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਇਸ ਸੰਬੰਧ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਜੱਜ ਅਪਰੇਸ਼ ਚੱਕਰਬਰਤੀ ਨੇ ਕੱਲ੍ਹ ਅਦਾਲਤੀ ਅਹਾਤੇ ਵਿੱਚ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਜਿਨ੍ਹਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ, ਉਨ੍ਹਾਂ





ਵਿੱਚ ਜਥੇਬੰਦੀ ਦੇ ਮੁਖੀ ਡਾਇਮੇਰੀ, ਜੌਰਜ ਬੋਡੋ, ਬੀ ਥਰਾਏ, ਅਨਚਾਏ ਬੋਡੋ, ਇੰਦਰਾ ਬ੍ਰਹਮਾ, ਲੋਕੋ ਬਸੁਮਾਤਾਰੀ, ਖਰਗੇਸ਼ਵਰ ਬਸੁਮਾਤਾਰੀ, ਅਜੈ ਬਸੁਮਾਤਾਰੀ ਰਾਜੂ ਸਰਕਾਰ ਅਤੇ ਰਾਜਨ ਗੋਇਰੀ ਸ਼ਾਮਲ ਹਨ। ਤਿੰਨ ਹੋਰ ਮੁਜਰਮਾਂ ਪ੍ਰਭਾਤ ਬੋਡੋ, ਜਯੰਤੀ ਬਸੁਮਾਤਾਰੀ ਤੇ ਮਥੁਰਾ ਬ੍ਰਹਮਾ ਨੂੰ ਜੁਰਮਾਨੇ ਦੀ ਅਦਾਇਗੀ ਪਿੱਛੋਂ ਛੱਡਣ ਦੇ ਹੁਕਮ ਦਿੱਤੇ ਗਏ ਹਨ। ਸੀ ਬੀ ਆਈ ਕੋਰਟ ਨੇ ਨਿਲਿਮ ਡਾਇਮੇਰੀ ਅਤੇ ਮ੍ਰਿਦੁਲ ਗੋਇਰੀ ਨੂੰ ਰਿਹਾਅ ਕਰ ਦਿੱਤਾ ਹੈ, ਕਿਉਂਕਿ ਉਹ ਪਹਿਲਾਂ ਹੀ ਆਪਣੀ ਸਜ਼ਾ ਕੱਟ ਚੁੱਕੇ ਹਨ। ਇਸ ਦੌਰਾਨ ਐਨ ਡੀ ਐਫ ਬੀ ਦੇ ਮੁਖੀ ਰੰਜਨ ਡਾਇਮੇਰੀ ਨੇ ਕਿਹਾ ਉਹ ਇਸ ਫੈਸਲੇ ਦੇ ਖਿਲਾਫ ਉਚੀ ਅਦਾਲਤ ਜਾਣਗੇ। ਡਾਇਮੇਰੀ ਨੇ ਕਿਹਾ, 'ਭਾਵੇਂ ਅਸੀਂ ਜੇਲ੍ਹ ਵਿੱਚ ਬੰਦ ਹੋਵਾਂਗੇ, ਪਰ ਬੋਡੋਲੈਂਡ ਦਾ ਗਠਨ ਜ਼ਰੂਰ ਹੋਵੇਗਾ।' ਦੂਸਰੇ ਪਾਸੇ ਐਨ ਡੀ ਐਫ ਬੀ ਦੇ ਹਮਾਇਤੀਆਂ ਨੇ ਵੱਖਰੇ ਬੋਡੋਲੈਂਡ ਦੀ ਮੰਗ ਦੇ ਨਾਅਰੇ ਲਾਏ। ਮਿਤੀ 30 ਅਕਤੂਬਰ 2008 ਨੂੰ ਗੁਹਾਟੀ, ਕੋਕਰਾਝਾਰ, ਬਾਰਪੇਟਾ ਤੇ ਬੋਨਗਾਈਗਾਓਂ ਵਿੱਚ 9 ਧਮਾਕਿਆਂ ਵਿੱਚ 88 ਵਿਅਕਤੀ ਹਲਾਕ ਅਤੇ 540 ਲੋਕ ਜ਼ਖਮੀ ਹੋਏ ਸਨ।

## ਪੁਲਸ ਇੰਸਪੈਕਟਰ ਅਤੇ ਤਿੰਨ ਪੱਤਰਕਾਰ ਰਿਸ਼ਵਤ ਲੈਂਦੇ ਕਾਬੂ

ਨੋਇਡਾ, 31 ਜਨਵਰੀ (ਪੋਸਟ ਬਿਊਰੋ)- ਦਿੱਲੀ ਨਾਲ ਜੁੜਦੇ ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਇੱਕ ਕਾਲ ਸੈਂਟਰ ਦੇ ਸੰਚਾਲਕ ਦੇ ਖਿਲਾਫ ਦਰਜ ਕੇਸ ਵਿੱਚੋਂ ਨਾਂਅ ਕੱਢਣ ਦੇ ਲਈ ਅੱਠ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਇੰਸਪੈਕਟਰ ਤੇ ਤਿੰਨ ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੋਸ਼ੀਆਂ ਕੋਲੋਂ ਅੱਠ ਲੱਖ ਰੁਪਏ, ਛੇ ਮੋਬਾਈਲ ਮਰਸਡੀਜ਼ ਕਾਰ, ਫੈਕਟਰੀ ਮੇਡ ਪਿਸਤੌਲ ਅਤੇ ਦੋ ਕਾਰਤੂਸ ਮਿਲੇ ਹਨ। ਕੋਤਵਾਲੀ ਵਿੱਚ ਤੈਨਾਤ ਇੱਕ ਹੋਰ ਇੰਸਪੈਕਟਰ ਜੈਵੀਰ ਸਿੰਘ ਦੀ ਭੂਮਿਕਾ ਸ਼ੱਕੀ ਪਾਏ ਜਾਣ 'ਤੇ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਜ਼ਿਲਾ ਨੋਇਡਾ ਦੇ ਐੱਸ ਐੱਸ ਪੀ ਵੈਭਵ ਕ੍ਰਿਸ਼ਨ ਨੇ ਦੱਸਿਆ ਕਿ ਗਾਜ਼ੀਆਬਾਦ ਦੀ ਆਨੰਦ ਵਿਹਾਰ ਕਲੋਨੀ ਨਾਸਿਰਪੁਰ ਦੇ ਪੁਸ਼ਪਿੰਦਰ ਚੌਹਾਨ ਦੇ ਖਿਲਾਫ ਸੈਕਟਰ 20 ਵਿੱਚ ਧੋਖਾਧੜੀ, ਆਈ ਟੀ ਐਕਟ ਤੇ ਹੋਰ ਧਾਰਾਵਾਂ ਦਾ ਕੇਸ ਦਰਜ ਹੈ। ਪੁਸ਼ਪਿੰਦਰ ਨੇ 27 ਜਨਵਰੀ ਨੂੰ ਸ਼ਿਕਾਇਤ ਦਿੱਤੀ ਕਿ ਕੋਤਵਾਲੀ ਸੈਕਟਰ-20 ਦਾ ਇੰਸਪੈਕਟਰ ਮਨੋਜ ਪੰਤ ਤੇ ਉਸ ਦੇ ਕੁਝ ਸਹਿਯੋਗੀ ਉਸ ਤੋਂ ਅੱਠ ਲੱਖ ਰੁਪਏ ਮੰਗ ਰਹੇ ਹਨ। ਸ਼ਿਕਾਇਤ ਉੱਤੇ ਐੱਸ ਪੀ ਸਿਟੀ ਸੁਧਾ ਸਿੰਘ ਤੋਂ ਜਾਂਚ ਕਰਾਉਣ 'ਤੇ ਪਹਿਲੀ ਨਜ਼ਰ ਵਿੱਚ ਦੋਸ਼ ਸਹੀ ਪਾਇਆ ਗਿਆ ਅਤੇ ਦੋਸ਼ੀਆਂ ਵਿਰੁੱਧ ਯੋਜਨਾ ਬਣਾਈ




ਗਈ। ਫਿਰ ਅਗਲੇ ਦਿਨ ਤੋਂ ਆਪਰੇਸ਼ਨ ਸ਼ੁਰੂ ਹੋਇਆ ਅਤੇ ਦੇਰ ਰਾਤ ਸ਼ਿਕਾਇਤ ਕਰਤਾ ਪੁਸ਼ਪਿੰਦਰ ਚੌਹਾਨ ਦੋ ਬੈਗਾਂ ਵਿੱਚ ਦੋ-ਦੋ ਹਜ਼ਾਰ ਦੇ ਚਾਰ ਸੌ ਨੋਟ (ਅੱਠ ਲੱਖ ਰੁਪਏ) ਲੈ ਕੇ ਨੋਇਡਾ ਕੋਤਵਾਲੀ ਸੈਕਟਰ-20 ਪਹੁੰਚੇ। ਮੰਗੇ ਜਾਣ 'ਤੇ ਰਿਸ਼ਵਤ ਦੇ ਅੱਠ ਲੱਖ ਰੁਪਏ ਇੰਸਪੈਕਟਰ ਮਨੋਜ ਕੁਮਾਰ ਪੰਤ ਅਤੇ ਉਸ ਦੇ ਸਹਿਯੋਗੀਆਂ ਨੂੰ ਦੇ ਦਿੱਤੇ। ਇਸ ਦੌਰਾਨ ਐੱਸ ਐੱਸ ਪੀ ਵੈਭਵ ਕ੍ਰਿਸ਼ਨ ਦੀ ਮੌਜੂਦਗੀ ਵਿੱਚ ਜਾਂਚ ਟੀਮ ਨੇ ਰੰਗੇ ਹੱਥੀਂ ਇੰਸਪੈਕਟਰ ਮਨੋਜ ਕੁਮਾਰ ਪੰਤ ਅਤੇ ਉਸ ਦੇ ਸਹਿਯੋਗੀ ਪੱਤਰਕਾਰਾਂ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ। ਇੰਸਪੈਕਟਰ ਦੇ ਇਲਾਵਾ ਫੜੇ ਗਏ ਦੋਸ਼ੀ ਸੁਸ਼ੀਲ ਵਾਸੀ ਸੈਕਟਰ 37 ਕਾਸਨਾ, ਰਮਨ ਕੁਮਾਰ ਵਾਸੀ ਬੀਟਾ ਇੱਕ ਗ੍ਰੇਟ ਨੋਇਡਾ ਤੇ ਉਦਿਤ ਗੋਇਲ ਵਾਸੀ ਸੂਰਜਪੁਰ ਸਾਈਟ ਸੀ ਗ੍ਰੇਟਰ ਨੋਇਡਾ ਦੇ ਰਹਿਣ ਵਾਲੇ ਹਨ। ਇਨ੍ਹਾਂ ਦੇ ਖਿਲਾਫ ਭ੍ਰਿਸ਼ਟਾਚਾਰ ਵਿਰੋਧੀ ਐਕਟ ਅਤੇ ਹੋਰਨਾਂ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

## ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਮਹੰਤ ਨੇ ਜਾਇਦਾਦਾਂ ਦਾ ਚਾਰਜ ਸੰਭਾਲਿਆ

ਬੜਸਰ, 31 ਜਨਵਰੀ (ਪੋਸਟ ਬਿਊਰੋ)- ਬਾਬਾ ਬਾਲਕ ਨਾਥ ਮੰਦਰ ਦਿਓਟਸਿੱਧ ਵਿੱਚ ਮੰਦਰ ਟਰੱਸਟ ਤੇ ਦੂਸਰੇ ਪਾਸੇ ਮੰਦਰ ਦੇ ਮਹੰਤ ਰਾਜੇਂਦਰ ਗਿਰੀ ਮਹਾਰਾਜ ਦੇ ਵਿਚਾਲੇ ਜਾਇਦਾਦ ਵਿਵਾਦ ਦਾ ਨਿਪਟਾਰਾ ਹੋਣ ਮਗਰੋਂ ਮਹੰਤ ਨੇ ਉਨ੍ਹਾਂ ਦੇ ਹਿੱਸੇ ਵਿੱਚ ਆਈ ਜਾਇਦਾਦਾਂ ਦਾ ਚਾਰਜ ਆਪਣੇ ਹੱਥ ਵਿੱਚ ਲੈਣ ਦਾ ਕ੍ਰਮ ਸ਼ੁਰੂ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਜਾਇਦਾਦ ਵਿਵਾਦ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਅਦ ਮੰਦਰ ਟਰੱਸਟ ਅਤੇ ਮਹੰਤ ਦੇ ਵਿਚਾਲੇ ਆਪਸੀ ਸਹਿਮਤੀ ਨਾਲ ਜਾਇਦਾਦ ਦਾ ਬਟਵਾਰਾ ਹੋਇਆ ਹੈ ਅਤੇ ਇਸ ਬਟਵਾਰੇ ਨੂੰ ਪ੍ਰਦੇਸ਼ ਸਰਕਾਰ ਵੱਲੋਂ ਮਨਜ਼ੂਰੀ ਦਿੱਤੇ ਜਾਣ ਦੇ ਮਗਰੋਂ ਜ਼ਿਲਾ ਅਧਿਕਾਰੀ ਹਮੀਰਪੁਰ ਨੇ ਅਮਲ ਵਿੱਚ ਲਿਆਂਦਾ ਹੈ। ਇਸ ਬਟਵਾਰੇ ਤਹਿਤ ਦਿਓਟਸਿੱਧ ਦੇ ਉਪਰੀ ਬਾਜ਼ਾਰ ਵਿੱਚ ਸਥਿਤ ਦੁਕਾਨਾਂ ਦੇ ਇਲਾਵਾ ਉਪਰੀ ਬਾਜ਼ਾਰ ਵਿੱਚ ਇਕ ਸਰਾਂ ਵੀ ਮੰਦਰ ਮਹੰਤ ਦੇ ਹਿੱਸੇ ਆਈ ਹੈ। ਇਸ ਸਮਝੌਤੇ ਦੇ ਤਹਿਤ ਮਹੰਤ ਰਾਜੇਂਦਰ ਗਿਰੀ ਨੇ ਮੰਦਰ ਦੇ ਕੋਲ ਸਥਿਤ ਬੱਕਰਾ ਸਥਾਨ ਤੇ ਮੰਦਰ ਨੂੰ ਜਾਣ ਵਾਲੇ ਰਸਤੇ ਦਾ ਹਿੱਸਾ ਮੰਦਰ ਟਰੱਸਟ ਨੂੰ ਛੱਡਿਆ ਹੈ, ਜਿਸ ਨਾਲ



ਬਾਬਾ ਬਾਲਕ ਨਾਥ ਦੀ ਮੇਨ ਗੁਫਾ ਤੇ ਆਸਪਾਸ ਦਾ ਮੰਦਰ ਕੰਪਲੈਕਸ ਦਾ ਖੇਤਰ ਵੀ ਮੰਦਰ ਟਰੱਸਟ ਦੇ ਨਾਮ ਹੋ ਗਿਆ ਹੈ। ਸਮਝੌਤੇ ਤੋਂ ਪਹਿਲਾਂ ਇਸ ਦਾ ਕਾਫੀ ਹਿੱਸਾ ਮਾਲੀਆ ਰਿਕਾਰਡ ਵਿੱਚ ਮਹੰਤ ਦੇ ਨਾਮ ਦਰਜ ਸੀ। ਸ਼ਰਧਾਲੂਆਂ ਦੇ ਭਲੇ ਲਈ ਮਹੰਤ ਨੇ ਮੰਦਰ ਕੰਪਲੈਕਸ ਦੇ ਇਸ ਹਿੱਸੇ ਨੂੰ ਟਰੱਸਟ ਨੂੰ ਸੌਂਪ ਦਿੱਤਾ ਹੈ। ਟਰੱਸਟ ਨੇ ਵੀ ਮਹੰਤ ਨਿਵਾਸ ਦੇ ਆਸਪਾਸ ਵਾਲੇ ਹਿੱਸੇ ਨੂੰ ਮਹੰਤ ਨੂੰ ਸੌਂਪ ਦਿੱਤਾ ਹੈ, ਜਿਸ ਨਾਲ ਮਹੰਤ ਅਤੇ ਟਰੱਸਟ ਦੇ ਵਿਚਾਲੇ ਜਾਇਦਾਦ ਵਿਵਾਦ ਸੁਪਰੀਮ ਕੋਰਟ ਦੇ ਅੰਤਿਮ ਫੈਸਲੇ ਦੇ ਮਗਰੋਂ ਖਤਮ ਹੋ ਗਿਆ ਹੈ। ਮੰਦਰ ਪ੍ਰਸ਼ਾਸਨ ਤੇ ਮਹੰਤ ਰਾਜੇਂਦਰ ਗਿਰੀ ਦੇ ਵਿਚਾਲੇ ਜਾਇਦਾਦ ਬਟਵਾਰੇ ਮਗਰੋਂ ਉਕਤ ਸਰਾ ਮਹੰਤ ਦੇ ਹਿੱਸੇ ਵਿੱਚ ਆਉਣ ਦੇ ਬਾਅਦ ਮਹੰਤ ਰਾਜੇਂਦਰ ਗਿਰੀ ਨੇ ਇਸ ਸਰਾ ਦਾ ਕੰਟਰੋਲ ਹੁਣ ਆਪਣੇ ਹੱਥਾਂ ਵਿੱਚ ਲੈ ਲਿਆ ਹੈ।

## ਵੱਖਵਾਦੀ ਆਗੂ ਨਾਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਦੀ ਗੱਲਬਾਤ ਤੋਂ ਭਾਰਤ ਭੜਕਿਆ

ਨਵੀਂ ਦਿੱਲੀ, 31 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵੱਲੋਂ ਕਸ਼ਮੀਰ ਦੇ ਵੱਖਵਾਦੀ ਆਗੂ ਮੀਰਵਾਇਜ਼ ਉਮਰ ਫਾਰੂਕ ਨੂੰ ਟੈਲੀਫੋਨ ਕੀਤੇ ਜਾਣ 'ਤੇ ਭਾਰਤ ਨੇ ਬੇਹੱਦ ਸਖਤ ਰੁਖ ਵਿਖਾਇਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਕੱਲ੍ਹ ਨਵੀਂ ਦਿੱਲੀ ਵਿਚਲੇ ਪਾਕਿਸਤਾਨ ਹਾਈ ਕਮਿਸ਼ਨਰ ਸੁਹੇਲ ਮਹਿਮੂਦ ਨੂੰ ਸੱਦ ਕੇ ਉਸ ਨੂੰ ਭਾਰਤ ਦੀ ਨਾਰਾਜ਼ਗੀ ਤੋਂ ਜਾਣੂ ਕਰਵਾਇਆ ਅਤੇ ਇਹ ਵੀ ਕਹਿ ਦਿੱਤਾ ਕਿ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਏਦਾਂ ਦਖਲ ਦੇਣ 'ਤੇ ਸਿੱਟੇ ਭੁਗਤਣ ਦੀ ਚਿਤਾਵਨੀ ਵੀ ਦਿੱਤੀ।

ਵਿਦੇਸ਼ ਸਕੱਤਰ ਵਿਜੇ ਗੋਖਲੇ ਨੇ ਪਾਕਿਸਤਾਨੀ ਹਾਈ ਕਮਿਸ਼ਨਰ ਨੂੰ ਕਿਸੇ ਲਾਗ ਲਪੇਟ ਤੋਂ ਬਿਨਾਂ ਦੱਸ ਦਿੱਤਾ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨੂੰ ਇਹ ਵੀ ਕਹਿ ਦਿੱਤਾ ਗਿਆ ਕਿ ਵਿਦੇਸ਼ ਮੰਤਰੀ ਕੁਰੈਸ਼ੀ ਵੱਲੋਂ ਕਿਸੇ ਵੱਖਵਾਦੀ ਆਗੂ ਨੂੰ ਫੋਨ ਕਰਨਾ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧਾ ਦਖਲ ਹੈ ਅਤੇ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ। ਪਾਕਿਸਤਾਨ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਵਿਦੇਸ਼ ਮੰਤਰੀ



ਵੱਖਵਾਦੀ ਆਗੂ ਮੀਰਵਾਇਜ਼

ਦਾ ਵੱਖਵਾਦੀ ਆਗੂ ਨੂੰ ਫੋਨ ਕਰਨਾ ਸਾਰੀਆਂ ਡਿਪਲੋਮੇਟਿਕ ਰਵਾਇਤਾਂ ਦੀ ਉਲੰਘਣਾ ਹੈ। ਭਾਰਤ ਇਹ ਮੰਨਦਾ ਹੈ ਕਿ ਵਿਦੇਸ਼ ਮੰਤਰੀ ਕੁਰੈਸ਼ੀ ਦਾ ਇਹ ਕਦਮ ਇਕ ਤਰ੍ਹਾਂ ਇਹ ਗੱਲ ਮੰਨਣਾ ਹੈ ਕਿ ਪਾਕਿਸਤਾਨ ਅੱਤਵਾਦੀਆਂ ਅਤੇ ਵੱਖਵਾਦੀਆਂ ਨੂੰ ਸ਼ਹਿ ਦਿੰਦਾ ਹੈ। ਇਸ ਨਾਲ ਪਾਕਿਸਤਾਨ ਦਾ ਇਹ ਦੋਗਲਾਪਣ ਦੁਨੀਆ ਸਾਹਮਣੇ ਆ ਗਿਆ ਹੈ ਕਿ ਇਹ ਇਕ ਪਾਸੇ ਭਾਰਤ ਨਾਲ ਦੋਸਤੀ ਦੀ ਗੱਲ ਕਰਦਾ ਤੇ ਦੂਜੇ ਪਾਸੇ ਭਾਰਤ ਦੀ ਅਖੰਡਤਾ 'ਤੇ ਸਵਾਲ ਉਠਾਉਣ ਵਾਲੀਆਂ ਜਥੇਬੰਦੀਆਂ ਨਾਲ ਸੰਪਰਕ ਵੀ ਰੱਖਦਾ ਹੈ।

ਭਾਰਤ ਦੇ ਰੁਖ਼ ਦੀ ਗੰਭੀਰਤਾ ਇਸ ਗੱਲ ਤੋਂ ਵੀ ਸਮਝੀ ਜਾ ਸਕਦੀ ਹੈ ਕਿ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਰਾਤ 10.30 ਵਜੇ ਤਲਬ ਕੀਤਾ ਗਿਆ ਅਤੇ ਯਾਦ ਦਿਵਾਇਆ ਗਿਆ ਕਿ ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ ਤੇ ਅੱਗੋਂ ਵੀ ਰਹੇਗਾ। ਪਾਕਿਸਤਾਨ ਨੂੰ ਇਸ ਵਿੱਚ ਬੋਲਣ ਦਾ ਜਾਂ ਕਿਸੇ ਢੰਗ ਨਾਲ ਕੋਈ ਭੂਮਿਕਾ ਨਿਭਾਉਣ ਦਾ ਅਧਿਕਾਰ ਨਹੀਂ ਹੈ।

ੴ ਸਤਿਗੁਰ ਪ੍ਰਸਾਦਿ ॥

ਗੁਰਮੁਖ ਪਿਆਰੇ, ਬ੍ਰਹਮਗਿਆਨੀ,

ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ

ਮਸਤੂਆਣੇ ਸਾਹਿਬ ਵਾਲਿਆਂ ਦੀ 92 ਵੀਂ ਬਰਸੀ

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਮਾਲਟਨ ਵਿਖੇ

3 ਫਰਵਰੀ 2019 ਦਿਨ ਐਂਤਵਾਰ ਨੂੰ

1 ਫਰਵਰੀ ਦਿਨ ਸ਼ੁਕਰਵਾਰ ਨੂੰ ਸੁਬੇਰੇ 10.30 ਆਰੰਭ ਸ੍ਰੀ ਅਖੰਡ ਪਾਠ

3 ਫਰਵਰੀ ਦਿਨ ਐਂਤਵਾਰ : ਭੋਗ ਸ੍ਰੀ ਅਖੰਡ ਪਾਠ ਸੁਬੇਰੇ 10.30 ਵਜੇ

: ਕੀਰਤਨ ਕਥਾ ਅਤੇ ਢਾਡੀ ਵਾਰਾਂ ਇੱਕ ਵਜੇ ਤੱਕ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਮਹਾਂਪੁਰਖਾ ਦੇ ਕੀਤੇ ਪਰੋਪਕਾਰਾਂ ਨੂੰ ਵਿਚਾਰਨ ਹਿਤ ਸਮੇਂ ਸਿਰ ਪਹੁੰਚਕੇ ਧੰਨਵਾਦੀ ਬਣਾਓ ਜੀ।

ਸਤਿਕਾਰਯੋਗ ਗੁਰੂ ਪਿਆਰਿਓ,
ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਵੀਹਵੀਂ ਸਦੀ ਦੇ ਅਜਿਹੇ ਅਵਤਾਰੀ ਮਹਾਂਪੁਰਸ਼ ਸਨ ਜਿਨਾਂ ਨੇ ਰੂਹਾਨੀ ਜਗਤ ਦੀਆਂ ਬੁਲੰਦੀਆਂ ਨੂੰ ਛੁਹਿਆ। ਆਪ ਜੀ ਦੇ ਪੰਜ ਭੁਤਕ ਸ਼ਰੀਰ ਵਿੱਚੋਂ ਸਾਕਸ਼ਾਤ ਪਰਮੇਸ਼ਰ ਦੇ ਦਰਸ਼ਨ ਹੁੰਦੇ ਸਨ। ਬਾਲ ਅਵਸਥਾ ਤੋਂ ਹੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ, ਗੁਰਮਤਿ ਅਨੁਸਾਰ ਨਾਮ ਸਿਮਰਨ ਦੀ ਕਰੜੀ ਘਾਲਣਾ ਘਾਲੀ ਅਤੇ ਸੁਰਤਿ ਨੂੰ ਸਦਾ ਪ੍ਰਭੂ ਚਰਨਾਂ ਨਾਲ ਜੋੜੀ ਰੱਖਿਆ। ਦੇਸ਼ ਵਿੱਚ ਰਟਨ ਕਰਕੇ ਗੁਰਬਾਣੀ, ਗੁਰਮਤਿ ਅਤੇ ਗੁਰੂ ਇਤਿਹਾਸ ਦਾ ਸੰਦੇਸ਼ ਘਰ ਘਰ ਪਹੁੰਚਾਇਆ। ਚਾਰ ਸੌ ਦੇ ਕਰੀਬ ਗੁਰਦਵਾਰਿਆਂ, ਸਕੂਲਾਂ, ਕਾਲਜਾਂ ਦੀ ਸਥਾਪਨਾ ਕੀਤੀ। ਕਰੀਬ ੧੪ ਲੱਖ ਤੋਂ ਵੱਧ ਜੀਵਾਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੌਣ ਦੀ ਪ੍ਰੇਰਣਾ ਦਿੱਤੀ। ਸਾਰੇ ਦੇਸ਼ ਦਾ ਭਰਮਣ ਕਰਕੇ ਗਰਕ ਰਹੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਆਪ ਜੀ ਨੇ ਗੁਰਮਤਿ ਅਨੁਸਾਰ ਜੀਵਨ ਜਾਂਚ ਅਪਨਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੇ ਪੂਰਨ-ਪੁਰਖ, ਸੰਤ-ਪਦ, ਬ੍ਰਹਮਗਿਆਨੀ, ਸਾਧੂ, ਭਗਤ, ਆਦਿ ਗੌਰਵਪੂਰਣ ਸ਼ਬਦਾਂ ਨੂੰ ਸਾਕਾਰ ਕੀਤਾ।

( ਬੇਨਤੀ ਕਰਤਾ : ਜਗਤਾਰ ਸਿੰਘ ਮਾਨ )



PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS

ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਉਭਰਦੇ ਬਾਜ਼ਾਰਾਂ ਨੇ ਐਪਲ ਨੂੰ ਵੱਡਾ ਝਟਕਾ ਦਿੱਤਾ



ਸਾਨ ਫਰਾਂਸਿਸਕੋ, 31 ਜਨਵਰੀ (ਪੋਸਟ ਬਿਊਰੋ)- ਆਈਫੋਨ ਦੀ ਘੱਟਦੀ ਮੰਗ ਦੀ ਭਰਪਾਈ ਕਰਨ ਲਈ ਉਸ ਦੀ ਕੀਮਤ ਵਧਾਉਣ ਦੀ ਰਣਨੀਤੀ ਐਪਲ ਨੂੰ ਮਹਿੰਗੀ ਪਈ, ਕਿਉਂਕਿ ਅਕਤੂਬਰ ਦਸੰਬਰ ਤਿਮਾਹੀ ਵਿੱਚ ਆਈਫੋਨ ਦੀ ਵਿਕਰੀ ਵਿੱਚ ਗਿਰਾਵਟ ਦਰਜ ਕੀਤੀ ਗਈ। ਬੀਤੀ ਤਿਮਾਹੀ ਲਈ ਕੱਲ੍ਹ ਜਾਰੀ ਕੀਤੇ ਗਏ ਨਤੀਜੇ ਵਿੱਚ ਕੰਪਨੀ ਨੇ ਕਿਹਾ ਕਿ ਆਈਫੋਨ ਨਾਲ ਜੁੜੀ ਉਸ ਦੀ ਆਮਦਨ ਕਰੀਬ 15 ਫੀਸਦੀ ਘੱਟ ਤੇ 52 ਅਰਬ ਡਾਲਰ ਰਹਿ ਗਈ ਹੈ। ਇਸ ਦੇ ਨਾਲ ਹੀ ਕੰਪਨੀ ਦਾ ਸ਼ੁੱਧ ਲਾਭ ਵੀ ਘੱਟ ਕੇ 20 ਅਰਬ ਡਾਲਰ ਤੋਂ ਹੇਠਾਂ ਆ ਗਿਆ ਹੈ।

ਇਸ ਵਕਤ ਇਸ ਕੰਪਨੀ ਦੀ ਕੁੱਲ ਆਮਦਨ ਵੀ ਪਿਛਲੇ ਸਾਲ ਦੀ ਸਮਾਨ ਮਿਆਦ ਦੇ ਮੁਕਾਬਲੇ ਪੰਜ ਫੀਸਦੀ ਡਿੱਗ ਕੇ 84 ਅਰਬ ਡਾਲਰ 'ਤੇ ਆ ਗਈ। ਦੋ ਸਾਲਾਂ ਤੋਂ ਜ਼ਿਆਦਾ ਸਮੇਂ ਵਿੱਚ ਪਹਿਲੀ ਵਾਰ ਕੰਪਨੀ ਦੀ ਤਿਮਾਹੀ ਆਮਦਨ ਵਿੱਚ ਸਾਲਾਨਾ ਆਧਾਰ 'ਤੇ ਗਿਰਾਵਟ ਦਰਜ ਕੀਤੀ ਗਈ ਹੈ। ਕੰਪਨੀ ਦੇ ਸੀ ਈ ਓ ਟਿਮ ਕੁਕ ਦੇ ਸਾਹਮਣੇ ਜ਼ਬਰਦਸਤ ਚੁਣੌਤੀ ਖੜੀ ਹੈ। ਉਨ੍ਹਾਂ ਆਈਫੋਨ ਦੀ ਵਿਕਰੀ ਵਧਾਉਣ ਲਈ ਤਾਂ ਕੰਮ ਕਰਨਾ ਹੀ ਹੈ, ਨਾਲ ਉਨ੍ਹਾਂ ਨੂੰ ਇਹ ਸਾਬਤ ਕਰਨਾ ਹੈ ਕਿ ਮੰਗ ਵਿੱਚ ਵਾਧਾ ਨਾ ਹੋਣ ਦੇ ਬਾਵਜੂਦ ਐਪਲ ਦੀ ਸਿਹਤ 'ਤੇ ਅਸਰ ਨਹੀਂ ਪਵੇਗਾ। ਪਿਛਲੇ ਚਾਰ ਮਹੀਨੇ ਤੋਂ ਕੁਝ ਘੱਟ ਮਿਆਦ ਵਿੱਚ ਕੰਪਨੀ ਦੇ ਸ਼ੇਅਰਾਂ ਵਿੱਚ ਇਕ ਤਿਹਾਈ ਗਿਰਾਵਟ ਦਰਜ ਕੀਤੀ ਗਈ ਹੈ, ਜਿਸ ਕਾਰਨ ਕੰਪਨੀ ਦਾ ਬਾਜ਼ਾਰ ਪੂੰਜੀਕਰਨ ਕਰੀਬ 370 ਅਰਬ ਡਾਲਰ ਘੱਟ ਗਿਆ ਹੈ। ਜਨਵਰੀ ਦੇ ਸ਼ੁਰੂ 'ਚ ਕੁਕ ਦੀ ਇਸ ਚਿਤਾਵਨੀ ਨਾਲ ਬਾਜ਼ਾਰ ਵਿੱਚ ਹਫੜੀ ਦਫੜੀ ਮਚੀ ਸੀ ਕਿ 15 ਸਾਲ ਵਿੱਚ ਪਹਿਲੀ ਵਾਰ ਕੰਪਨੀ ਆਪਣੀ ਆਮਦਨ ਅਨੁਮਾਨ ਹਾਸਲ ਕਰਨ ਤੋਂ ਅਸਫਲ ਰਹੀ ਹੈ। ਵੇਡਬੁਸ਼ ਸਰਿਓਰਿਟੀਜ਼ ਦੇ ਵਿਸ਼ਲੇਸ਼ਕ ਡੇਨੀਅਲ ਈਵਸ ਨੇ ਕਿਹਾ ਕਿ ਕੁੱਕ ਲਈ ਪ੍ਰੀਖਿਆ ਦੀ ਘੜੀ ਹੈ।

# 56 ਫੀਸਦੀ ਅਮਰੀਕੀ ਡੋਨਾਲਡ ਟਰੰਪ ਦੇ ਮੁੜ ਕੇ ਰਾਸ਼ਟਰਪਤੀ ਬਣਨ ਦੇ ਖਿਲਾਫ

ਵਾਸ਼ਿੰਗਟਨ, 31 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿਚ ਸਾਲ 2020 ਵਿਚ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ, ਪਰ ਇਸ ਬਾਰੇ ਅਟਕਲਾਂ ਸ਼ੁਰੂ ਹੋ ਗਈਆਂ ਹਨ। ਇਕ ਅੰਗਰੇਜ਼ੀ ਸਮਾਚਾਰ ਏਜੰਸੀ ਨੇ ਪਿੱਛੇ ਜਿਹੇ ਸਰਵੇ ਕਰਵਾਇਆ ਸੀ। ਇਸ ਸਰਵੇ ਦੇ ਨਤੀਜੇ ਮੰਗਲਵਾਰ (29 ਜਨਵਰੀ) ਨੂੰ ਜਾਰੀ ਕੀਤੇ ਗਏ। ਨਤੀਜਿਆਂ ਮੁਤਾਬਕ 56 ਫੀਸਦੀ ਲੋਕ ਟਰੰਪ ਨੂੰ ਦੁਬਾਰਾ ਰਾਸ਼ਟਰਪਤੀ ਬਣਦਾ ਨਹੀਂ ਦੇਖਣਾ ਚਾਹੁੰਦੇ। ਇਸ ਸਰਵੇਖਣ ਵਿਚ ਜਿਹੜੇ ਨਤੀਜੇ ਜਾਰੀ ਕੀਤੇ ਗਏ, ਉਹ ਡੋਨਾਲਡ ਟਰੰਪ ਲਈ ਚੰਗੇ ਨਜ਼ਰ ਨਹੀਂ ਆ ਰਹੇ। ਨਤੀਜਿਆਂ ਮੁਤਾਬਕ 56 ਫੀਸਦੀ ਲੋਕਾਂ ਨੇ ਟਰੰਪ ਨੂੰ ਦੁਬਾਰਾ ਚੁਣਨ ਲਈ ਵੋਟ ਦੇਣ ਤੋਂ ਨਾਂਹ ਕੀਤੀ ਹੈ। ਇਹ ਅੰਕੜਾ ਅੱਧੇ ਤੋਂ ਵੱਧ ਹੈ। 28 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਉਹ ਰੀਪਬਲਿਕ ਪਾਰਟੀ ਦੇ ਉਮੀਦਵਾਰ ਨੂੰ ਵੋਟ ਕਰਨਗੇ, 14 ਫੀਸਦੀ ਨੇ ਕਿਹਾ ਕਿ ਉਹ ਕਿਸੇ ਹੋਰ ਨੂੰ ਵੋਟ ਦੇਣ 'ਤੇ ਵਿਚਾਰ ਕਰਨਗੇ। ਸਰਵੇਖਣ ਵਿਚ ਇਹ ਵੀ ਪਾਇਆ ਗਿਆ ਕਿ ਰੀਪਬਲਿਕਨ ਪਾਰਟੀ ਦੇ ਇਕ ਤਿਹਾਈ ਮੈਂਬਰ ਸਾਲ 2020 ਦੀਆਂ ਚੋਣਾਂ ਲਈ ਟਰੰਪ ਨੂੰ ਫਿਰ ਨਾਮਜ਼ਦ ਕਰਨ ਦੇ ਪੱਖ ਵਿਚ ਨਹੀਂ। ਇਸ ਪਾਰਟੀ ਵੱਲ ਝੁਕਾਅ ਵਾਲੇ 75 ਫੀਸਦੀ ਰੀਪਬਲਿਕਨ ਤੇ ਆਜ਼ਾਦ ਮੈਂਬਰ ਹਾਲੇ ਵੀ ਰਾਸ਼ਟਰਪਤੀ ਦਾ ਸਮਰਥਨ ਕਰਦੇ ਹਨ। ਡੈਮੋਕ੍ਰੇਟਸ ਅਤੇ ਆਜ਼ਾਦ ਲੋਕਾਂ ਵਿੱਚੋਂ 44 ਫੀਸਦੀ ਦਾ ਝੁਕਾਅ ਉਨ੍ਹਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਹੈ, ਪਰ ਇਸ ਸਮੇਂ ਕਿਸੇ ਵੀ ਉਮੀਦਵਾਰ ਕੋਲ ਸਪੱਸ਼ਟ ਬਹੁਮਤ ਨਹੀਂ। ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਅਤੇ ਕੈਲੀਫੋਰਨੀਆ ਦੀ ਸੈਨੇਟਰ ਕਮਲਾ ਹੈਰਿਸ ਕੋਲ ਕ੍ਰਮਵਾਰ 9 ਅਤੇ 8 ਫੀਸਦੀ ਪਸੰਦੀਦਾ ਵੋਟ ਹਨ। ਸਰਵੇਖਣ 1,001 ਲੋਕਾਂ ਦੀ ਵੋਟ ਦੇ ਆਧਾਰ 'ਤੇ ਕੀਤਾ ਗਿਆ। ਇਹ ਸਰਵੇ 21 ਤੋਂ 24 ਜਨਵਰੀ ਵਿਚਕਾਰ ਕੀਤਾ ਗਿਆ ਸੀ।




# ਜਾਸੂਸੀ ਦੇ ਲਈ ਪੈਸੇ ਦੇ ਕੇ ਆਪਣਾ ਸਾਫਟਵੇਅਰ ਇੰਸਟਾਲ ਕਰਾ ਰਿਹੈ ਫੇਸਬੁਕ

ਸਾਨ ਫਰਾਂਸਿਸਕੋ, 31 ਜਨਵਰੀ (ਪੋਸਟ ਬਿਊਰੋ)- ਯੂਜ਼ਰਜ਼ ਦਾ ਡਾਟਾ ਹਾਸਲ ਕਰਨ ਦੇ ਕਾਰਨ ਦੋਸ਼ਾਂ ਦਾ ਸਾਹਮਣਾ ਕਰ ਰਹੀ ਫੇਸਬੁੱਕ ਹੁਣ ਨਵੇਂ ਵਿਵਾਦ ਵਿੱਚ ਘਿਰ ਸਕਦੀ ਹੈ। ਟੈਕਨਾਲੋਜੀ ਵੈੱਬਸਾਈਟ ਟੈਕ ਕ੍ਰੰਚ ਦੀ ਰਿਪੋਰਟ ਮੁਤਾਬਕ ਕੰਪਨੀ ਪੈਸੇ ਦੇ ਕੇ ਅਜਿਹਾ ਸਾਫਟਵੇਅਰ ਡਾਊਨਲੋਡ ਕਰਵਾ ਰਹੀ ਹੈ, ਜਿਸ ਦੇ ਨਾਲ ਉਹ ਉਨ੍ਹਾਂ ਦੇ ਫੋਨ ਵਿੱਚ ਹੋਣ ਵਾਲੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਸਕੇਗੀ। ਵੈੱਬਸਾਈਟ ਦੇ ਮੁਤਾਬਕ ਫੇਸਬੁਕ 2016 ਤੋਂ 13 ਤੋਂ 35 ਸਾਲ ਦੇ ਯੂਜ਼ਰ ਤੋਂ ਉਨ੍ਹਾਂ ਦੇ ਫੋਨ ਉੱਤੇ ਫੇਸਬੁਕ ਰਿਸਰਚ ਨਾਂਅ ਦਾ ਵੀ ਪੀ ਐੱਨ (ਵਰਚੁਅਲ ਪ੍ਰਾਈਵੇਟ ਨੈਟਵਰਕ) ਡਾਊਨਲੋਡ ਕਰਵਾ ਰਹੀ ਹੈ। ਇਸ ਦੇ ਬਦਲੇ ਉਹ ਯੂਜ਼ਰ ਹਰ ਮਹੀਨੇ 20 ਡਾਲਰ (ਕਰੀਬ 1400 ਰੁਪਏ) ਦਿੰਦੀ ਹੈ। ਨਾਲ ਹੀ ਰੈਫਰਲ ਕਮਿਸ਼ਨ ਵੀ ਦਿੰਦੀ ਹੈ। ਜਦ ਕੋਈ ਯੂਜ਼ਰ ਇਸ ਵੀ ਪੀ ਐੱਨ ਨੂੰ ਡਾਊਨਲੋਡ ਕਰ ਲੈਂਦਾ ਹੈ ਤਾਂ ਫੇਸਬੁਕ ਉਸ ਦੇ ਫੋਨ ਵਿੱਚ ਹੋਣ ਵਾਲੀ ਹਰ ਸਰਗਰਮੀ 'ਤੇ ਨਜ਼ਰ ਰੱਖ ਸਕਦੀ ਹੈ। ਇਸ ਵਿੱਚ ਫੇਸਬੁਕ ਦੀ ਭਾਈਵਾਲੀ ਨੂੰ ਲੁਕਾਉਣ ਦੇ ਲਈ ਇਹ ਪ੍ਰੋਗਰਾਮ ਬੀਟਾ ਟੈਸਟਿੰਗ ਸਰਵਿਸ ਅਪਲਾਉਜ਼, ਬੀਟਾ ਬਾਉਂਡ ਅਤੇ ਯੂ ਟੈਸਟ ਦੇ ਜ਼ਰੀਏ ਚਲਾਇਆ ਜਾ ਰਿਹਾ ਹੈ।

# ਅਮਰੀਕਾ ਤੇ ਤਾਲਿਬਾਨ ਵਿੱਚ ਸ਼ਾਂਤੀ ਵਾਰਤਾ ਲਈ ਪਾਕਿ ਸਹਿਯੋਗ ਕਰ ਰਿਹੈ: ਕੁਰੈਸ਼ੀ

ਇਸਲਾਮਾਬਾਦ, 31 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਪਿਛਲੇ ਦਿਨੀਂ ਅਫਗਾਨਿਸਤਾਨ ਮਾਮਲਿਆਂ ਬਾਰੇ ਰੂਸ ਦੇ ਵਿਸ਼ੇਸ਼ ਪ੍ਰਤੀਨਿਧੀ ਨਾਲ ਗੱਲਬਾਤ ਕੀਤੀ। ਕੁਰੈਸ਼ੀ ਨੇ ਉਨ੍ਹਾਂ ਨੂੰ ਦੱਸਿਆ ਕਿ ਅਮਰੀਕਾ ਅਤੇ ਤਾਲਿਬਾਨ ਵਿਚਕਾਰ ਚੱਲ ਰਹੀ ਸ਼ਾਂਤੀ ਵਾਰਤਾ ਵਿੱਚ ਪਾਕਿਸਤਾਨ ਆਪਣੀ ਸਾਂਝੀ ਜ਼ਿੰਮੇਵਾਰੀ ਅਤੇ ਸਾਫ ਨੀਅਤ ਨਾਲ ਸਹਿਯੋਗ ਕਰ ਰਿਹਾ ਹੈ।

ਕੁਰੈਸ਼ੀ ਨੇ ਇਸਲਾਮਬਾਦ ਵਿੱਚ ਅਫਗਾਨਿਸਤਾਨ ਮਾਮਲਿਆਂ 'ਤੇ ਰੂਸ ਦੇ ਵਿਸ਼ੇਸ਼ ਪ੍ਰਤੀਨਿਧੀ ਕਾਮੀਰ ਕਾਬੁਲੋਵ ਨਾਲ ਗੱਲਬਾਤ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਸਿਆਸੀ ਪ੍ਰਕਿਰਿਆ ਦੇ ਮਾਧਿਅਮ ਨਾਲ ਦਹਾਕਿਆਂ ਪੁਰਾਣੇ ਸੰਘਰਸ਼ ਨੂੰ ਖਤਮ ਕਰਨ ਦੀ ਲੋੜ 'ਤੇ ਵਧਦੀ ਅੰਤਰਰਾਸ਼ਟਰੀ ਸਹਿਮਤੀ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਕਾਬੁਲੋਵ ਨੂੰ ਦੱਸਿਆ, ਅਮਰੀਕਾ ਅਤੇ ਤਾਲਿਬਾਨ ਵਿੱਚ ਚੱਲ ਰਹੀ ਵਾਰਤਾ ਵਿੱਚ ਪਾਕਿਸਤਾਨ, ਇੱਕ ਸਾਂਝੀ ਜ਼ਿੰਮੇਵਾਰੀ ਦੇ ਤੌਰ 'ਤੇ ਅਤੇ ਚੰਗੀ ਨੀਅਤ ਨਾਲ ਸਹਿਯੋਗ ਕਰ ਰਿਹਾ ਹੈ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11, Toronto, ON M2K 0A6

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

# ਚੀਨ ਸਰਕਾਰ ਵੱਲੋਂ ਤਿੱਬਤੀ ਬੱਚਿਆਂ ਦੇ ਮੱਠਾਂ ਵਿੱਚ ਜਾਣ ਉਤੇ ਪਾਬੰਦੀ



ਬੀਜਿੰਗ, 31 ਜਨਵਰੀ (ਪੋਸਟ ਬਿਊਰੋ)- ਤਿੱਬਤ ਨਾਲ ਲੱਗਦੇ ਚੀਨ ਦੇ ਕਿੰਘਾਈ ਸੂਬੇ ਦੀ ਇਕ ਕਾਊਂਟੀ ਵਿੱਚ ਤਿੱਬਤੀ ਬੱਚਿਆਂ ਦੇ ਸਥਾਨਕ ਮੱਠਾਂ ਵਿੱਚ ਅਧਿਐਨ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

ਮਨੁੱਖੀ ਅਧਿਕਾਰ ਸੰਗਠਨ ਹਿਊਮਨ ਰਾਈਟਸ ਵਾਚ ਨੇ ਬੀਤੇ ਦਸੰਬਰ ਤੋਂ ਲਾਗੂ ਹੋਈ ਇਸ ਰੋਕ ਨੂੰ ਸਿੱਖਿਆ ਅਤੇ ਸੰਸਕ੍ਰਿਤੀ ਨਾਲ ਜੁੜੇ ਮੁੱਢਲੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਆਖਿਆ ਹੈ। ਚੀਨ ਵਿੱਚ ਸੰਗਠਨ ਦੀ ਡਾਇਰੈਕਟਰ ਸੋਫੀ ਰਿਚਰਡਸਨ ਨੇ ਕਿਹਾ ਕਿ ਇਸ ਤੋਂ ਸਾਫ ਹੈ ਕਿ ਚੀਨ ਤਿੱਬਤੀ ਸੰਸਕ੍ਰਿਤੀ ਅਤੇ ਉਨ੍ਹਾਂ ਦੇ ਧਰਮ ਨੂੰ ਦਬਾਉਣ ਦਾ ਲਗਾਤਾਰ ਯਤਨ ਕਰ ਰਿਹਾ ਹੈ। ਸਕੂਲ ਦੀਆਂ ਛੁੱਟੀਆਂ ਦੌਰਾਨ ਤਿੱਬਤੀ ਬੱਚੇ ਆਪਣੀ ਭਾਸ਼ਾ ਅਤੇ ਧਰਮ ਦੀ ਸਿੱਖਿਆ ਲੈਣ ਲਈ ਆਸਪਾਸ ਦੇ ਮੱਠਾਂ ਵਿੱਚ ਜਾਂਦੇ ਹਨ। ਨੌਂਗਚੇਨ ਕਾਊਂਟੀ ਦੇ ਅਧਿਕਾਰੀਆਂ ਨੇ ਇਸ ਨੂੰ ਨਾਜਾਇਜ਼ ਦੱਸਦੇ ਹੋਏ ਇਸ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਸਿੱਖਿਆ ਨਾਲ ਨੌਜਵਾਨਾਂ ਨੂੰ ਵਰਗਲਾਇਆ ਜਾਂਦਾ ਹੈ। ਐਚ ਆਰ ਡਬਲਯੂ ਨੇ ਇਸ ਦਾ ਜੰਮ ਕੇ ਵਿਰੋਧ ਕੀਤਾ ਹੈ। ਸੰਗਠਨ ਦਾ ਕਹਿਣਾ ਹੈ ਕਿ ਚੀਨ ਦੇ ਸੰਵਿਧਾਨ ਵਿੱਚ ਸਾਰੇ ਨਾਗਰਿਕਾਂ ਨੂੰ ਉਨ੍ਹਾਂ ਦੇ ਧਰਮ ਤੇ ਸੰਸਕ੍ਰਿਤੀ ਦਾ ਪਾਲਣ ਕਰਨ ਦੀ ਆਜ਼ਾਦੀ ਹੈ, ਪ੍ਰੰਤੂ ਹਕੀਕਤ ਇਸ ਦੇ ਉਲਟ ਹੈ। ਸੰਗਠਨ ਨੇ ਦੋਸ਼ ਲਗਾਇਆ ਹੈ ਕਿ ਚੀਨ ਤਿੱਬਤ ਵਿੱਚ ਰਹਿ ਰਹੇ ਬੋਧੀਆਂ ਦੇ ਨਾਲ ਸ਼ਿਨਜਿਆਂਗ ਸੂਬੇ ਦੇ ਉਈਗਰ ਮੁਸਲਮਾਨਾਂ ਦੀ ਵੀ ਧਾਰਮਿਕ ਆਜ਼ਾਦੀ ਵਿੱਚ ਘੁਸਪੈਠ ਕਰ ਰਿਹਾ ਹੈ।

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com
hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms, 2 Bed Room Basement, Close to Schools Sheridan College, Parks Shoppers World, Liabrary, Parks, Sikh Temple
Call For:
RESP, SUPER -VISA, & TRAVEL
Insurance
H.Randhawa
416-319-0551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਉਮੀਦਵਾਰ ਅਤੇ ਸਿਆਸੀ ਪਾਰਟੀਆਂ ਨੂੰ ਅਪਰਾਧੀ ਪਿਛੋਕੜ ਬਾਰੇ ਇਸ਼ਤਿਹਾਰ ਦੇਣਾ ਪਵੇਗਾ

ਚੰਡੀਗੜ੍ਹ, 31 ਜਨਵਰੀ (ਪੋਸਟ ਬਿਊਰੋ)- ਉਮੀਦਵਾਰ ਤੇ ਸਿਆਸੀ ਪਾਰਟੀਆਂ ਇਸ ਵਾਰੀ ਵੋਟਰਾਂ ਤੋਂ ਫ਼ੌਜਦਾਰੀ ਤੇ ਅਪਰਾਧ ਦੇ ਕੇਸ ਦੀ ਜਾਣਕਾਰੀ ਨਹੀਂ ਲੁਕਾ ਸਕਣਗੇ। ਚੋਣਾਂ ਵੇਲੇ ਉਮੀਦਵਾਰਾਂ ਤੇ ਰਾਜਸੀ ਪਾਰਟੀ ਨੂੰ ਜਿੱਥੇ ਤਿੰਨ ਵਾਰ ਅਖ਼ਬਾਰਾਂ ਤੇ ਟੈਲੀਵਿਜ਼ਨ ਵਿਚ ਇਸ਼ਤਿਹਾਰ ਦੇਣਾ ਪਵੇਗਾ, ਓਥੇ ਸਿਆਸੀ ਪਾਰਟੀਆਂ ਨੂੰ ਪਾਰਟੀ ਦੀ ਵੈਬਸਾਈਟ ਉੱਤੇ ਉਮੀਦਵਾਰਾਂ ਦਾ ਸਾਰਾ ਵੇਰਵਾ ਦੇਣਾ ਪਵੇਗਾ।

ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਕਰੁਣਾ ਰਾਜੂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ ਭਾਰਤ ਦੇ ਚੋਣ ਕਮਿਸ਼ਨ ਨੇ ਫਾਰਮ 26 ਵਿਚ ਕਈ ਮਹੱਤਵ ਪੂਰਨ ਸੋਧਾਂ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਚੋਣ ਲੜਨ ਦੇ ਇੱਛੁਕ ਅਪਰਾਧੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਨਾਮਜ਼ਦਗੀ ਪੱਤਰ ਵਿਚ ਆਪਣੇ ਪੂਰੇ ਅਪਰਾਧਿਕ ਕੇਸਾਂ, ਜਿਨ੍ਹਾਂ ਵਿਚ ਉਨ੍ਹਾਂ ਨੂੰ ਅਦਾਲਤ ਤੋਂ ਸਜ਼ਾ ਸੁਣਾਈ ਜਾ ਚੁਕੀ ਹੈ ਜਾਂ ਵਿਚਾਰ ਅਧੀਨ ਹਨ, ਬਾਰੇ ਫਾਰਮ 26 ਵਿਚ ਪੂਰੀ ਜਾਣਕਾਰੀ ਦੇਣੀ ਪਵੇਗੀ ਤੇ ਨਾਲ ਇਹ ਜਾਣਕਾਰੀ ਅਖ਼ਬਾਰਾਂ ਅਤੇ ਟੀ ਵੀ



ਚੈਨਲਾਂ ਰਾਹੀਂ ਜਨਤਾ ਨੂੰ ਵੀ ਦੇਣੀ ਪਵੇਗੀ। ਉਮੀਦਵਾਰ ਨੂੰ ਨਾਮਜ਼ਦਗੀ ਕਾਗਜ਼ ਪੇਸ਼ ਕਰਨ ਸਮੇਂ, ਕਾਗਜ਼ਾਂ ਦੀ ਜਾਂਚ ਤੋਂ ਪਹਿਲਾਂ ਤੇ ਵੋਟਾਂ ਪੈਣ ਤੋਂ 48 ਘੰਟੇ ਪਹਿਲਾਂ ਅਪਰਾਧਿਕ ਪਿਛੋਕੜ ਬਾਰੇ 12 ਫੌਂਟ ਸਾਈਜ਼ ਵਿਚ ਅਖ਼ਬਾਰ ਤੇ ਟੈਲੀਵਿਜ਼ਨ ਨੂੰ ਲਾਜ਼ਮੀ ਇਸ਼ਤਿਹਾਰ ਦੇਣਾ ਪਵੇਗਾ। ਉਨ੍ਹਾਂ ਦੱਸਿਆ ਕਿ ਰਜਿਸਟਰਡ ਪਾਰਟੀ ਜਾਂ ਰਜਿਸਟਰਡ ਗ਼ੈਰ ਮਾਨਤਾ ਪ੍ਰਾਪਤ ਪਾਰਟੀ, ਜਿਸ ਨੇ ਵੀ ਅਪਰਾਧੀ ਪਿਛੋਕੜ ਵਾਲਾ ਉਮੀਦਵਾਰ ਚੋਣ ਮੈਦਾਨ ਵਿਚ ਉਤਾਰਿਆ ਹੈ, ਇਹ ਯਕੀਨੀ ਬਣਾਏਗੀ ਕਿ ਆਪਣੀ ਵੈਬਸਾਈਟ 'ਤੇ ਇਸ ਸਬੰਧੀ ਪੂਰੀ ਜਾਣਕਾਰੀ ਦੇਣ ਦੇ ਨਾਲ ਸਬੰਧਤ ਸੂਬੇ 'ਚ ਉਨ੍ਹਾਂ ਦੇ ਅਪਰਾਧੀ ਪਿਛੋਕੜ ਸਬੰਧੀ ਵੱਡੇ ਪੱਧਰ 'ਤੇ ਪ੍ਰਚਾਰ ਤਿੰਨ ਵਾਰ ਵੱਖ-ਵੱਖ ਦਿਨਾਂ ਨੂੰ ਅਖ਼ਬਾਰਾਂ ਅਤੇ ਟੀ ਵੀ ਰਾਹੀਂ ਕਰੇਗੀ ਤੇ ਮੁੱਖ ਚੋਣ ਅਫਸਰ ਨੂੰ ਚੋਣ ਅਮਲ ਮੁਕੰਮਲ ਹੋਣ ਦੇ 30 ਦਿਨਾਂ ਅੰਦਰ ਪੇਸ਼ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਰਿਟਰਨਿੰਗ ਅਧਿਕਾਰੀ ਨੂੰ ਵੀ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਉਸ ਦਾ ਨਜ਼ਦੀਕੀ ਰਿਸ਼ਤੇਦਾਰ ਕੋਈ ਉਮੀਦਵਾਰ ਨਹੀਂ ਹੈ। ਇਹ ਸਾਰਾ ਕੁਝ ਲਾਗੂ ਕੀਤਾ ਜਾਵੇਗਾ।

## ਦੋਸਤਾਂ ਨੇ ਹੀ ਲੁੱਟ ਦੀ ਨੀਤ ਨਾਲ ਕੀਤਾ ਸੀ ਪਰਵਾਸੀ ਮਜ਼ਦੂਰ ਦਾ ਕਤਲ

ਭੋਗਪੁਰ, 31 ਜਨਵਰੀ (ਪੋਸਟ ਬਿਊਰੋ)- ਥਾਣਾ ਭੋਗਪੁਰ ਦੀ ਪੁਲਸ ਚੌਕੀ ਪਚਰੰਗਾ ਵੱਲੋਂ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰ ਸਕੂਲ ਦੇ ਪਿੱਛੇ ਇੱਕ ਗੰਨੇ ਦੇ ਖੇਤ 'ਚੋਂ 15 ਦਿਨ ਪਹਿਲਾਂ ਬਰਾਮਦ ਹੋਈ ਪਰਵਾਸੀ ਮਜ਼ਦੂਰ ਦੀ ਲਾਸ਼ ਦੇ ਕੇਸ ਵਿੱਚ ਕਤਲ ਦੀ ਗੁੱਥੀ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਗਿਆ ਹੈ।

